ਬੁੱਧਵਾਰ, 13 ਸਤੰਬਰ, 2023
28 ਭਾਦੋਂ { ਨਾਨਕਸ਼ਾਹੀ 555 / ਬਿਕਰਮੀ 2080
ਜਿਲਦ/VOL. : 72
ਅੰਕ/NO. : 103

ਨਵਾਂ ਜ਼ਮਾਨਾ

DAILY NAWAN ZAMANA • WEDNESDAY, 13 SEPTEMBER, 2023 ਜਲੰਧਰ

ਕੀਮਤ/PRICE : 5.00 ਰੁਪਏ | Regd. No : Pb/JL-123/2021-23, (R.N.I.)-00068/57 | E-mail : nawanzamana@gmail.com | www.nawanzamana.in | ਸਫ਼ੇ : 12

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ
ਪੁੱਛ-ਗਿੱਛ (ਰਿਸੈਪਸ਼ਨ) 0181-5097300
ਇਸ਼ਤਿਹਾਰ ਵਿਭਾਗ 0181-5097302
ਸਾਹਿਤ ਸੰਪਾਦਕ (ਐਤਵਾਰਤਾ) 0181-5097305
ਕੰਪਿਊਟਰ ਰੂਮ 0181-5097310
ਵੈੱਬ ਟੀ ਵੀ 0181-5133160

You Tube nawan zamana TV

ਆਖਰ ਮੋਨੂੰ ਮਾਨੇਸਰ ਚੁੱਕਣਾ ਪਿਆ

ਰਾਜਸਥਾਨ ਚੋਣਾਂ 'ਚ ਨੁਕਸਾਨ ਦੇ ਡਰੋਂ ਹਰਿਆਣਾ ਦੇ ਗਊ ਰੱਖਿਅਕ ਦੀ ਗ੍ਰਿਫ਼ਤਾਰੀ

ਗੁਰੂਗ੍ਰਾਮ : ਹਰਿਆਣਾ ਪੁਲਸ ਨੇ ਬਜਰੰਗ ਦਲ ਦੇ ਆਗੂ ਤੇ ਗਊ ਰੱਖਿਅਕ ਮੋਹਿਤ ਯਾਦਵ ਉਰਫ ਮੋਨੂੰ ਮਾਨੇਸਰ ਨੂੰ ਫਰਜ਼ੀ ਨਾਂਅ 'ਤੇ ਸੋਸ਼ਲ ਮੀਡੀਆ 'ਤੇ ਕਾਬਿਲੇ-ਇਤਰਾਜ਼ ਤੇ ਅੱਗ-ਲਾਊ ਪੋਸਟਾਂ ਅਪਲੋਡ ਕਰਨ ਦੇ ਦੋਸ਼ ਵਿਚ ਮੰਗਲਵਾਰ ਗ੍ਰਿਫਤਾਰ ਕਰ ਲਿਆ।

ਸੂਤਰਾਂ ਮੁਤਾਬਕ 31 ਜੁਲਾਈ ਦੀ ਹਿੰਸਾ ਤੋਂ ਬਾਅਦ ਨੂਹ ਪੁਲਸ ਕਾਬਲੇ-ਇਤਰਾਜ਼ ਤੱਤਾਂ ਵਾਲੀਆਂ ਪੋਸਟਾਂ ਨੂੰ ਲਗਾਤਾਰ ਸਕੈਨ ਕਰ ਰਹੀ ਸੀ। ਇਕ ਬੰਦੇ ਵੱਲੋਂ ਅਜਿਹੀਆਂ ਕਈ ਪੋਸਟਾਂ ਪਾਉਣ ਦਾ ਪਤਾ ਲੱਗਿਆ। ਉਹ ਮੋਨੂੰ ਮਾਨੇਸਰ ਹੀ ਨਿਕਲਿਆ, ਜਿਹੜਾ ਫਰਜ਼ੀ ਨਾਂਅ 'ਤੇ ਪੋਸਟਾਂ ਪਾ ਰਿਹਾ ਸੀ। ਉਸ ਨੂੰ ਮਾਨੇਸਰ ਦੇ ਸੈਕਟਰ 1 ਦੇ ਬਾਜ਼ਾਰ ਵਿੱਚੋਂ ਲੰਘਦੇ ਸਮੇਂ ਹਿਰਾਸਤ 'ਚ ਲਿਆ ਗਿਆ।

ਪੁਲਸ ਨੇ ਉਸ ਨੂੰ ਰਿਮਾਂਡ ਲਈ ਨੂਹ ਦੀ ਕੋਰਟ ਵਿਚ ਪੇਸ਼ ਕੀਤਾ, ਪਰ ਕੋਰਟ ਨੇ ਉਸ ਨੂੰ ਪੁਲਸ ਹਵਾਲੇ ਕਰਨ ਦੀ ਥਾਂ ਜੁਡੀਸ਼ੀਅਲ ਹਿਰਾਸਤ 'ਚ ਘੱਲ ਦਿੱਤਾ।

ਮੋਨੂੰ ਨੂੰ ਰਾਜਸਥਾਨ ਦੇ ਦੋ ਚਚੇਰੇ ਭਰਾਵਾਂ ਜੁਨੈਦ (35) ਤੇ ਨਾਸਿਰ (27) ਦੀ ਹੱਤਿਆ ਕਰਨ ਦੇ ਦੋਸ਼ 'ਚ ਫਰਵਰੀ 'ਚ ਸਹਿ-ਮੁਲਜ਼ਮ ਵਜੋਂ ਨਾਮਜ਼ਦ ਕੀਤਾ ਗਿਆ ਸੀ। ਉਹ ਨੂਹ ਵਿਚ ਭੜਕੀ ਹਿੰਸਾ ਲਈ ਵੀ ਕਥਿਤ ਤੌਰ 'ਤੇ ਜ਼ਿੰਮੇਵਾਰ ਦੱਸਿਆ ਜਾਂਦਾ ਹੈ। ਰਾਜਸਥਾਨ ਦੇ ਜ਼ਿਲ੍ਹਾ ਭਰਤਪੁਰ ਦੇ ਪਿੰਡ ਘਟਮੀਕਾ ਦੇ ਪਸ਼ੂ ਵਪਾਰੀ ਜੁਨੈਦ ਤੇ ਨਾਸਿਰ ਦੀਆਂ ਸੜੀਆਂ ਲਾਸ਼ਾਂ 16 ਫਰਵਰੀ ਨੂੰ ਹਰਿਆਣਾ ਦੇ ਭਿਵਾਨੀ ਦੇ ਪਿੰਡ ਲੋਹਾਰੂ 'ਚ ਬੋਲੈਰੋ ਵਿੱਚੋਂ ਮਿਲੀਆਂ ਸਨ। ਇਸ ਮਾਮਲੇ ਵਿਚ ਦਰਜ ਐੱਫ ਆਈ ਆਰ ਵਿਚ ਸ਼ਾਮਲ 21 ਮੁਲਜ਼ਮਾਂ ਵਿਚ ਮੋਨੂੰ ਦਾ ਨਾਂਅ ਹੈ। ਸੋਸ਼ਲ ਮੀਡੀਆ 'ਤੇ ਪੋਸਟਾਂ ਵਿਚ ਕਿਹਾ ਗਿਆ ਸੀ ਕਿ ਮੋਨੂੰ ਨੂਹ ਵਿਚ ਵਿਸ਼ਵ ਹਿੰਦੂ ਪ੍ਰੀਸ਼ਦ ਤੇ ਬਜਰੰਗ ਦਲ ਵੱਲੋਂ ਕੱਢੀ ਜਾਣ ਵਾਲੀ ਸ਼ੋਭਾ ਯਾਤਰਾ ਵਿਚ ਸ਼ਾਮਲ ਹੋਵੇਗਾ। ਯਾਤਰਾ ਦੌਰਾਨ ਮੁਸਲਮ ਆਬਾਦੀ ਵਾਲੇ ਇਲਾਕਿਆਂ 'ਚ ਵੱਡੇ ਪੱਧਰ 'ਤੇ ਹਿੰਸਾ ਹੋਈ ਸੀ। ਹਿੰਸਾ ਵਿਚ ਛੇ ਵਿਅਕਤੀ ਮਾਰੇ ਗਏ ਸਨ। ਇਹ ਹਿੰਸਾ ਗੁਰੂਗ੍ਰਾਮ ਤੇ ਹੋਰਨਾਂ ਇਲਾਕਿਆਂ ਤੱਕ ਫੈਲ ਗਈ ਸੀ। ਦੋਸ਼ ਹੈ ਕਿ ਮੋਨੂੰ ਨੇ ਮੁਸਲਮਾਨਾਂ ਖਿਲਾਫ ਹਿੰਸਾ ਨੂੰ ਹਵਾ ਦੇਣ ਦੀ ਕੋਸ਼ਿਸ਼ ਕੀਤੀ। ਮੋਨੂੰ ਦੀ ਗ੍ਰਿਫਤਾਰੀ ਦੀ ਮੰਗ ਦਰਮਿਆਨ ਉਸ ਦੇ ਹੱਕ ਵਿਚ ਦੋ ਹਿੰਦੂ ਮਹਾਂ ਪੰਚਾਇਤਾਂ ਵੀ ਹੋਈਆਂ ਸਨ।

ਰਾਜਸਥਾਨ ਪੁਲਸ ਨੂੰ ਉਸ ਨੂੰ ਹਾਸਲ ਕਰਨ ਲਈ ਕੋਰਟ ਤੋਂ ਟਰਾਂਜ਼ਿਟ ਰਿਮਾਂਡ ਲੈਣਾ ਪਵੇਗਾ। ਭਰਤਪੁਰ ਪੁਲਸ ਨੇ ਮੋਨੂੰ ਮਾਨੇਸਰ ਸਣੇ ਕਈ ਹੋਰਨਾਂ ਖਿਲਾਫ ਕੇਸ ਦਰਜ ਕੀਤਾ ਸੀ ਤੇ ਕੇਸ ਵਿਚ ਫਰਾਰ 8 ਮੁਲਜ਼ਮਾਂ ਦੀਆਂ ਫੋਟੋਆਂ ਵੀ ਜਾਰੀ ਕੀਤੀਆਂ ਸਨ।

ਜੁਨੈਦ ਦੇ ਚਚੇਰੇ ਭਰਾ ਇਸਮਾਈਲ ਨੇ ਦੋਸ਼ ਲਾਇਆ ਸੀ ਕਿ ਜੁਨੈਦ ਤੇ ਨਾਸਿਰ 14 ਫਰਵਰੀ ਨੂੰ ਭੋਰੂਬਾਸ ਸਿਕਰੀ ਪਿੰਡ ਗਏ ਸਨ, ਜਿੱਥੇ ਉਨ੍ਹਾਂ ਦੇ ਭਰਾ ਦੇ ਸਹੁਰੇ ਹਨ। ਰਾਤ ਉਥੇ ਰੁਕ ਕੇ 15 ਫਰਵਰੀ ਨੂੰ ਘਰ ਪਰਤ ਰਹੇ ਸਨ। ਰਾਹ ਵਿਚ ਬਜਰੰਗਦਲੀਆਂ ਨੇ ਰੋਕ ਕੇ ਨਾਂਅ ਪੁੱਛੇ। ਇਸ ਦੇ ਬਾਅਦ ਦੋਹਾਂ ਨੂੰ ਬੋਲੈਰੋ ਵਿੱਚੋਂ ਖਿੱਚ ਕੇ ਬਾਹਰ ਕੱਢਣ ਦੀ ਕੋਸ਼ਿਸ਼ ਕੀਤੀ। ਦੋਨੋਂ ਬੋਲੈਰੋ ਭਜਾ ਕੇ ਲੈ ਗਏ। ਬਜਰੰਗਦਲੀਆਂ ਨੇ ਪਿੱਛਾ ਕਰਕੇ ਫੜ ਲਏ ਅਤੇ ਕੁੱਟਮਾਰ ਕਰਨ ਤੋਂ ਬਾਅਦ ਦੋਹਾਂ ਨੂੰ ਫਿਰੋਜ਼ਪੁਰ ਝਿਰਕਾ ਥਾਣੇ ਲੈ ਗਏ। ਦੋਹਾਂ ਨੂੰ ਪੁਲਸ ਨੂੰ ਸੌਂਪਣ ਦੀ ਕੋਸ਼ਿਸ਼ ਕੀਤੀ, ਪਰ ਉਨ੍ਹਾਂ ਦੀ ਹਾਲਤ ਦੇਖ ਕੇ ਪੁਲਸ ਨੇ ਆਪਣੇ ਕਬਜ਼ੇ ਵਿਚ ਲੈਣ ਤੋਂ ਨਾਂਹ ਕਰ ਦਿੱਤੀ। ਦੋਹਾਂ ਦੇ ਪਰਵਾਰਾਂ ਮੁਤਾਬਕ ਮੋਨੂੰ ਮਾਨੇਸਰ, ਰਿੰਕੂ ਸੈਨੀ ਤੇ 7-8 ਹੋਰ ਜਣੇ ਉਨ੍ਹਾਂ ਨੂੰ ਭਿਵਾਨੀ ਲੈ ਗਏ ਅਤੇ ਪਿਛਲੀ ਸੀਟ 'ਤੇ ਬਿਠਾ ਕੇ ਬੋਲੈਰੋ ਨੂੰ ਅੱਗ ਲਾ ਦਿੱਤੀ। ਸੋਸ਼ਲ ਮੀਡੀਆ 'ਤੇ ਖਬਰ ਚੱਲਣ ਤੋਂ ਬਾਅਦ ਪਤਾ ਲੱਗਾ ਕਿ ਦੋਹਾਂ ਦੀ ਮੌਤ ਹੋ ਗਈ ਹੈ। ਗੱਡੀ ਦੇ ਇੰਜਣ ਤੇ ਚੈਸੀ ਦੇ ਨੰਬਰ ਤੋਂ ਪਤਾ ਲੱਗਾ ਕਿ ਮਰਨ ਵਾਲੇ ਜੁਨੈਦ ਤੇ ਨਾਸਿਰ ਸਨ।

ਮੋਨੂੰ ਮਾਨੇਸਰ ਦੀ ਗ੍ਰਿਫਤਾਰੀ ਦੀ ਟਾਈਮਿੰਗ ਇਸ ਪੱਖੋਂ ਅਹਿਮ ਹੈ ਕਿ ਰਾਜਸਥਾਨ ਅਸੰਬਲੀ ਦੀਆਂ ਚੋਣਾਂ ਸਾਲ ਦੇ ਅਖੀਰ ਵਿਚ ਹੋਣ ਵਾਲੀਆਂ ਹਨ। ਭਾਜਪਾ ਨੂੰ ਲੱਗਦਾ ਸੀ ਕਿ ਨੂਹ ਵਿਚ ਮੁਸਲਮ ਵਿਰੋਧੀ ਹਿੰਸਾ ਕਾਰਨ ਰਾਜਸਥਾਨ ਵਿਚ ਉਸ ਦੀਆਂ ਵੋਟਾਂ ਵਧ ਸਕਦੀਆਂ ਹਨ, ਪਰ ਇਸ ਵੇਲੇ ਦੇ ਮਾਹੌਲ ਤੋਂ ਸ਼ਾਇਦ ਭਾਜਪਾ ਨੂੰ ਲੱਗਿਆ ਕਿ ਮੋਨੂੰ ਨੂੰ ਖੁੱਲ੍ਹਾ ਛੱਡਣ ਦਾ ਦਾਅ ਉਸ ਨੂੰ ਮਹਿੰਗਾ ਪੈ ਸਕਦਾ ਹੈ। ਰਾਜਸਥਾਨ ਵਿਚ ਹੁਕਮਰਾਨ ਕਾਂਗਰਸ ਇਹ ਪ੍ਰਚਾਰ ਕਰ ਸਕਦੀ ਹੈ ਕਿ ਰਾਜਸਥਾਨ ਦੇ ਲੋਕਾਂ ਨੂੰ ਮਾਰਨ ਵਾਲਿਆਂ ਨੂੰ ਹਰਿਆਣਾ ਦੀ ਭਾਜਪਾ ਸਰਕਾਰ ਬਚਾਅ ਰਹੀ ਹੈ।

18 ਮਹੀਨਿਆਂ 'ਚ 36097 ਸਰਕਾਰੀ ਨੌਕਰੀਆਂ ਦੇ ਕੇ ਨਵਾਂ ਰਿਕਾਰਡ ਕੀਤਾ ਕਾਇਮ : ਭਗਵੰਤ ਮਾਨ

ਮੁੱਖ ਮੰਤਰੀ ਨੇ ਵੱਖ-ਵੱਖ ਵਿਭਾਗਾਂ ਦੇ 249 ਉਮੀਦਵਾਰਾਂ ਨੂੰ ਸੌਂਪੇ ਨਿਯੁਕਤੀ ਪੱਤਰ

ਚੰਡੀਗੜ੍ਹ (ਗੁਰਜੀਤ ਬਿੱਲਾ)

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਮੰਗਲਵਾਰ ਕਿਹਾ ਕਿ ਸੂਬਾ ਸਰਕਾਰ ਨੇ ਆਪਣੇ ਕਾਰਜਕਾਲ ਦੇ ਪਹਿਲੇ 18 ਮਹੀਨਿਆਂ 'ਚ ਸੂਬੇ ਦੇ ਨੌਜਵਾਨਾਂ ਨੂੰ 36097 ਸਰਕਾਰੀ ਨੌਕਰੀਆਂ ਦੇ ਕੇ ਨਵਾਂ ਰਿਕਾਰਡ ਕਾਇਮ ਕੀਤਾ ਹੈ ਜਿਸ ਨਾਲ ਹਰੇਕ ਮਹੀਨੇ ਲੱਗਭੱਗ 2000 ਨੌਜਵਾਨਾਂ ਨੂੰ ਸਰਕਾਰੀ ਨੌਕਰੀਆਂ ਹਾਸਲ ਹੋਈਆਂ ਹਨ। ਇੱਥੇ ਸੈਕਟਰ-35 ਦੇ ਮਿਊਂਸਪਲ ਭਵਨ ਵਿਖੇ 249 ਉਮੀਦਵਾਰਾਂ ਨੂੰ ਨਿਯੁਕਤੀ ਪੱਤਰ ਵੰਡਣ ਲਈ ਕਰਵਾਏ ਸਮਾਗਮ ਦੌਰਾਨ ਮੁੱਖ ਮੰਤਰੀ ਨੇ ਸਥਾਨਕ ਸਰਕਾਰਾਂ ਬਾਰੇ ਵਿਭਾਗ ਦੇ 191, ਪਸ਼ੂ ਪਾਲਣ ਵਿਭਾਗ ਦੇ 25, ਸਹਿਕਾਰਤਾ ਦੇ 24 ਅਤੇ ਤਕਨੀਕੀ ਸਿੱਖਿਆ ਵਿਭਾਗ ਦੇ 9 ਉਮੀਦਵਾਰਾਂ ਨੂੰ ਨਿਯੁਕਤੀ ਪੱਤਰ ਸੌਂਪੇ। ਇਸ ਮੌਕੇ ਆਪਣੇ ਵਿਚਾਰ ਸਾਂਝੇ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਨੌਜਵਾਨਾਂ ਨੂੰ ਇਸ ਗੱਲ ਦਾ ਮਾਣ ਹੋਣਾ ਚਾਹੀਦਾ ਹੈ ਕਿ ਅੱਜ ਤੋਂ ਉਹ ਸਰਕਾਰ ਦੀ ਉਸ ਟੀਮ ਦਾ ਹਿੱਸਾ ਬਣ ਗਏ ਹਨ ਜੋ 'ਰੰਗਲਾ ਪੰਜਾਬ' ਸਿਰਜਣ ਲਈ ਅਣਥੱਕ ਕੋਸ਼ਿਸ਼ਾਂ ਕਰ ਰਹੀ ਹੈ।

ਮੁੱਖ ਮੰਤਰੀ ਨੇ ਕਿਹਾ ਕਿ ਸੂਬਾ ਸਰਕਾਰ ਨੇ ਹੁਣ ਤੱਕ 36097 ਸਰਕਾਰੀ ਨੌਕਰੀਆਂ ਦੇ ਕੇ ਨਵਾਂ ਰਿਕਾਰਡ ਕਾਇਮ ਕੀਤਾ ਹੈ। ਉਨ੍ਹਾਂ ਕਿਹਾ ਕਿ ਪਿਛਲੇ ਸਮੇਂ 'ਚ ਕਿਸੇ ਵੀ ਸਰਕਾਰ ਨੇ ਆਪਣੇ ਕਾਰਜਕਾਲ ਦੇ ਪਹਿਲੇ ਮਹੀਨਿਆਂ 'ਚ ਨੌਜਵਾਨਾਂ ਨੂੰ ਏਨੀ ਵੱਡੀ ਗਿਣਤੀ 'ਚ ਨੌਕਰੀਆਂ ਨਹੀਂ ਦਿੱਤੀਆਂ। ਉਨ੍ਹਾ ਕਿਹਾ ਕਿ ਸੂਬੇ ਦੇ ਪਿਛਲੇ 'ਕਪਤਾਨਾਂ' ਦੀ ਮਾੜੀ ਕਾਰਗੁਜ਼ਾਰੀ ਕਰਕੇ ਸੂਬੇ ਦੇ ਨੌਜਵਾਨਾਂ 'ਚ ਵਿਦੇਸ਼ ਜਾਣ ਦਾ ਰੁਝਾਨ ਪੈਦਾ ਹੋਇਆ ਹੈ। ਇਨ੍ਹਾਂ ਲੀਡਰਾਂ ● ਬਾਕੀ ਸਫ਼ਾ 2 'ਤੇ

ਮੁੱਖ ਮੰਤਰੀ ਨੇ ਸਾਰਾਗੜ੍ਹੀ ਜੰਗੀ ਯਾਦਗਾਰ ਦਾ ਨੀਂਹ ਪੱਥਰ ਰੱਖਿਆ

ਫਿਰੋਜ਼ਪੁਰ (ਅਸ਼ੋਕ ਸ਼ਰਮਾ)

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਮੰਗਲਵਾਰ ਫਿਰੋਜ਼ਪੁਰ ਵਿਖੇ ਸਾਰਾਗੜ੍ਹੀ ਦੀ ਇਤਿਹਾਸਕ ਜੰਗ ਦੌਰਾਨ ਸ਼ਹਾਦਤ ਪ੍ਰਾਪਤ ਕਰਨ ਵਾਲੇ 21 ਸਿੱਖ ਸੂਰਮਿਆਂ ਦੀ ਯਾਦ ਵਿੱਚ ਬਣਨ ਵਾਲੀ ਯਾਦਗਾਰ ਦਾ ਨਿਰਮਾਣ ਕਾਰਜ ਛੇ ਮਹੀਨਿਆਂ ਵਿੱਚ ਮੁਕੰਮਲ ਕਰਨ ਦਾ ਐਲਾਨ ਕੀਤਾ। ਇੱਥੇ ਸਾਰਾਗੜ੍ਹੀ ਜੰਗੀ ਯਾਦਗਾਰ ਦਾ ਨੀਂਹ ਪੱਥਰ ਰੱਖਣ ਤੋਂ ਬਾਅਦ ਸੰਬੋਧਨ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਇਸ ਯਾਦਗਾਰ ਦੀ ਉਸਾਰੀ ਲਈ ਫੰਡਾਂ ਦੀ ਕੋਈ ਘਾਟ ਨਹੀਂ ਆਉਣ ਦਿੱਤੀ ਜਾਵੇਗੀ। ਉਨ੍ਹਾ ਕਿਹਾ ਕਿ ਇਸ ਯਾਦਗਾਰ ਦਾ ਕੰਮ ਹਰ ਹਾਲ 'ਚ ਛੇ ਮਹੀਨਿਆਂ 'ਚ ਪੂਰਾ ਕਰ ਲਿਆ ਜਾਵੇਗਾ। ਸਾਰਾਗੜ੍ਹੀ ਜੰਗ ਦੌਰਾਨ ਸੈਨਿਕਾਂ ਦੀ ਸੂਰਮਗਤੀ ਅਤੇ ਕੁਰਬਾਨੀ ਸਾਡੀਆਂ ਆਉਣ ਵਾਲੀਆਂ ਪੀੜ੍ਹੀਆਂ ਨੂੰ ਦੇਸ਼ ਦੀ ਨਿਸ਼ਕਾਮ ਸੇਵਾ ਲਈ ਪ੍ਰੇਰਿਤ ਕਰਦੀ ਰਹੇਗੀ।

ਮੁੱਖ ਮੰਤਰੀ ਨੇ ਕਿਹਾ ਕਿ ਉਹ ਜੰਗੀ ਯਾਦਗਾਰ ਦੇ ਕੰਮ ਦੀ ਨਿੱਜੀ ਤੌਰ 'ਤੇ ਨਿਗਰਾਨੀ ਕਰਨਗੇ, ਤਾਂ ਕਿ ਇਸ ਨੂੰ ਛੇ ਮਹੀਨਿਆਂ 'ਚ ਮੁਕੰਮਲ ਕੀਤੇ ਜਾਣਾ ਯਕੀਨੀ ਬਣਾਇਆ ਜਾ ਸਕੇ। ਇਸ ਨੇਕ ਕਾਰਜ 'ਚ ਕਿਸੇ ਵੀ ਤਰ੍ਹਾਂ ਦੀ ਬੇਲੋੜੀ ਦੇਰੀ ਅਣਉਚਿਤ ਹੋਵੇਗੀ। ਉਨ੍ਹਾ ਕਿਹਾ ਕਿ ਇਸ ਯਾਦਗਾਰ ਦੇ ਨਿਰਮਾਣ ਮੌਕੇ ਮਿਆਰਤਾ ਦੇ ਪੈਮਾਨਿਆਂ ਦੀ ਪੂਰੀ ਪਾਲਣਾ ਕੀਤੀ ਜਾਵੇਗੀ। ਉਹਨਾ ਕਿਹਾ ਕਿ ਨਿਰਮਾਣ ਦੌਰਾਨ ਕਿਸੇ ਵੀ ਤਰ੍ਹਾਂ ਦੇ ਭ੍ਰਿਸ਼ਟਾਚਾਰ ਨੂੰ ਸਹਿਣ ਨਹੀਂ ਕੀਤਾ ਜਾਵੇਗਾ ਅਤੇ ਅਜਿਹੀ ਹਰਕਤ ਦੀ ਕੋਸ਼ਿਸ਼ ਕਰਨ ਵਾਲਿਆਂ ਖਿਲਾਫ ਸਖਤ ਕਾਰਵਾਈ ਕੀਤੀ ਜਾਵੇਗੀ। ਮੁੱਖ ਮੰਤਰੀ ਨੇ ਪੰਜਾਬ ਦੇ ਇਤਿਹਾਸ 'ਚ ਬੇਹੱਦ ਮਹੱਤਵ ਰੱਖਦੇ ਇਸ ਸਥਾਨ ਨੂੰ ● ਬਾਕੀ ਸਫ਼ਾ 2 'ਤੇ

ਮੋਦੀ ਕਿੰਨੀਆਂ ਵੀ ਉਪਲਬਧੀਆਂ ਗਿਣਾਉਣ, ਮਹਿੰਗਾਈ ਅਸਮਾਨ ਛੂਹ ਰਹੀ : ਕਾਂਗਰਸ

ਨਵੀਂ ਦਿੱਲੀ : ਕਾਂਗਰਸ ਨੇਤਾ ਜੈਰਾਮ ਰਮੇਸ਼ ਨੇ ਮੰਗਲਵਾਰ ਮਹਿੰਗਾਈ ਅਤੇ ਬੇਰੁਜ਼ਗਾਰੀ ਨੂੰ ਲੈ ਕੇ ਭਾਜਪਾ ਦੀ ਅਗਵਾਈ ਵਾਲੀ ਕੇਂਦਰ ਸਰਕਾਰ 'ਤੇ ਨਿਸ਼ਾਨਾ ਲਾਇਆ ਤੇ ਕਿਹਾ—ਪ੍ਰਧਾਨ ਮੰਤਰੀ ਨਰੇਂਦਰ ਮੋਦੀ ਕਿੰਨੀਆਂ ਵੀ ਉਪਲੱਬਧੀਆਂ ਗਿਣਾਉਣ, ਮਹਿੰਗਾਈ ਅਸਮਾਨ ਛੂਹ ਰਹੀ ਹੈ। ਉਨ੍ਹਾ ਕਿਹਾ ਕਿ ਸਰਕਾਰ ਕੋਈ ਠੋਸ ਕਦਮ ਚੁੱਕਣ ਦੀ ਬਜਾਏ ਸਿਰਫ਼ ਮੁੱਦਿਆਂ ਤੋਂ ਧਿਆਨ ਭਟਕਾਉਣ ਦੀ ਕੋਸ਼ਿਸ਼ ਕਰ ਰਹੀ ਹੈ। ਟਵਿੱਟਰ 'ਤੇ ਇੱਕ ਪੋਸਟ 'ਚ ਉਨ੍ਹਾ ਕਿਹਾ ਕਿ ਪ੍ਰਧਾਨ ਮੰਤਰੀ ਅਤੇ ਉਨ੍ਹਾ ਦਾ ਇਕਨੋ ਸਿਸਟਮ ਚਾਹੇ ਕਿੰਨੀਆਂ ਵੀ ਉਪਲੱਬਧੀਆਂ ਗਿਣਾਏ, ਸਹੀ ਮਾਇਨੇ 'ਚ ਇਹ ਸਰਕਾਰ ਮਹਿੰਗਾਈ ਕੰਟਰੋਲ ਕਰਨ 'ਚ ਫੇਲ੍ਹ ਰਹੀ ਹੈ। ਉਨ੍ਹਾ ਲਿਖਿਆ—ਜ਼ਰਾ ਦੇਖੋ, ਥਾਲੀ ਇੱਕ ਸਾਲ 'ਚ 24 ਫੀਸਦੀ ਮਹਿੰਗੀ ਹੋ ਗਈ।

ਉਨ੍ਹਾ ਕਿਹਾ ਕਿ ਇੱਕ ਪਾਸੇ ਬੇਰੁਜ਼ਗਾਰੀ ਰਿਕਾਰਡ ਤੋੜ ਰਹੀ ਹੈ, ਦੂਜੇ ਪਾਸੇ ਮਹਿੰਗਾਈ ਅਸਮਾਨ 'ਤੇ ਪਹੁੰਚ ਗਈ ਹੈ ਅਤੇ ਕੁਝ ਠੋਸ ਉਪਾਅ ਕਰਨ ਦੀ ਬਜਾਏ ਸਰਕਾਰ ਕੇਵਲ ਇਨ੍ਹਾਂ ਮੁੱਦਿਆਂ ਤੋਂ ਧਿਆਨ ਭਟਕਾਉਣ ਦੀ ਕੋਸ਼ਿਸ਼ ਕਰ ਰਹੀ ਹੈ।

ਮਨੀਪੁਰ 'ਚ ਫਿਰ ਹਿੰਸਾ, ਕੁੱਕੀ ਭਾਈਚਾਰੇ ਦੇ ਤਿੰਨ ਲੋਕਾਂ ਦੀ ਗੋਲੀ ਮਾਰ ਕੇ ਹੱਤਿਆ

ਇੰਫਾਲ : ਮਨੀਪੁਰ 'ਚ ਇੱਕ ਵਾਰ ਫਿਰ ਹਿੰਸਾ ਭੜਕ ਗਈ ਹੈ। ਸੂਬੇ ਦੇ ਕਾਂਗਪੋਪਕੀ ਜ਼ਿਲ੍ਹੇ 'ਚ ਮੰਗਲਵਾਰ ਸਵੇਰੇ ਕੁੱਕੀ ਜਨਜਾਤੀ ਦੇ ਤਿੰਨ ਲੋਕਾਂ ਦੀ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ ਗਈ। ਇਨ੍ਹਾਂ ਹੱਤਿਆਵਾਂ ਤੋਂ ਬਾਅਦ ਫਿਰ ਤੋਂ ਤਣਾਅ ਪੈਦਾ ਹੋ ਗਿਆ। ਸੂਬੇ 'ਚ ਵੱਡੀ ਗਿਣਤੀ 'ਚ ਕੇਂਦਰੀ ਅਰਧ ਸੈਨਿਕ ਬਲ ਤਾਇਨਾਤ ਹਨ। ਅਧਿਕਾਰੀਆਂ ਨੇ ਦੱਸਿਆ ਕਿ ਹਮਲਾਵਰ ਇੱਕ ਵਾਹਨ 'ਚ ਆਏ ਅਤੇ ਉਨ੍ਹਾਂ ਇੰਫਾਲ ਪੱਛਮੀ ਅਤੇ ਕਾਂਗਪੋਪਕੀ ਜ਼ਿਲ੍ਹੇ ਦੇ ਸਰਹੱਦੀ ਇਲਾਕੇ 'ਚ ਸਥਿਤ ਏਰੋਂਗ ਅਤੇ ਕਰਮ ਇਲਾਕੇ ਵਿਚਾਲੇ ਪਿੰਡ ਵਾਸੀਆਂ 'ਤੇ ਹਮਲਾ ਕਰ ਦਿੱਤਾ। ਇਹ ਪਿੰਡ ਪਹਾੜਾਂ 'ਚ ਸਥਿਤ ਹੈ ਅਤੇ ਇੱਥੇ ਜਨਜਾਤੀ ਲੋਕਾਂ ਦਾ ਪ੍ਰਭਾਵ ਹੈ। ਘਟਨਾ ਮੰਗਲਵਾਰ ਸਵੇਰੇ 7 ਵਜੇ ਦੇ ਕਰੀਬ ਹੋਈ। ਘਟਨਾ ਦੀ ਸੂਚਨਾ ਮਿਲਦੇ ਹੀ ਪੁਲਸ ਮੌਕੇ 'ਤੇ ਪਹੁੰਚੀ। ਫਿਰ ਗੋਲੀਬਾਰੀ ਰੁਕ ਗਈ। ਫੋਰਸ ਦੇ ਪਹੁੰਚਦੇ ਹੀ ਹਥਿਆਰਬੰਦ ਉਥੋਂ ਭੱਜ ਗਏ। ਜਨਜਾਤੀ ਭਾਈਚਾਰੇ ਨਾਲ ਜੁੜੇ ਲੋਕਾਂ ਨੇ ਦੱਸਿਆ ਕਿ ਮਾਰੇ ਗਏ ਤਿੰਨੇ ਕੁੱਕੀ ਭਾਈਚਾਰੇ ਨਾਲ ਸੰਬੰਧ ਰੱਖਦੇ ਹਨ। ਮਨੀਪੁਰ 'ਚ ਤਿੰਨ ਮਈ ਤੋਂ ਵੱਡੀ ਗਿਣਤੀ 'ਚ ਮੈਤੋਈ ਅਤੇ ਜਨਜਾਤੀ ਕੁੱਕੀ ਭਾਈਚਾਰੇ ਵਿਚਾਲੇ ਲਗਾਤਾਰ ਝੜਪਾਂ ਹੋ ਰਹੀਆਂ ਹਨ, ਹੁਣ ਤੱਕ 160 ਤੋਂ ਵੱਧ ਲੋਕ ਮਾਰੇ ਜਾ ਚੁੱਕੇ ਹਨ।

ਟਰੂਡੋ ਦੋ ਦਿਨ ਦਿੱਲੀ ਫਸੇ ਰਹੇ

ਨਵੀਂ ਦਿੱਲੀ : ਕੈਨੇਡੀਅਨ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਅਤੇ ਉਨ੍ਹਾ ਦੇ ਵਫਦ ਦੇ ਮੈਂਬਰ ਮੰਗਲਵਾਰ ਕੌਮੀ ਰਾਜਧਾਨੀ ਤੋਂ ਰਵਾਨਾ ਹੋਏ। ਟਰੂਡੋ ਨੇ ਐਤਵਾਰ ਸਮਾਪਤ ਹੋਏ ਜੀ-20 ਸੰਮੇਲਨ ਤੋਂ ਬਾਅਦ ਪਰਤਣਾ ਸੀ, ਪ

13-SEP--PAGE-1.qxd 9/12/2023 10:43 PM Page 2

ਪੰਜਾਬ ਰੋਡਵੇਜ਼ ਮੋਗਾ ਡਿੱਪੂ 'ਚ ਨੌ ਡਿਟੈਨਸ਼ਨ ਡੇਅ ਮਨਾਇਆ

ਮੋਗਾ (ਅਮਰਜੀਤ ਬੱਬਰੀ)-ਪੰਜਾਬ ਰੋਡਵੇਜ਼ ਵਿਭਾਗ ਵੱਲੋਂ ਟਰਾਂਸਪੋਰਟ ਮੰਤਰੀ ਲਾਲਜੀਤ ਸਿੰਘ ਭੁੱਲਰ, ਦਿਲਰਾਜ ਸਿੰਘ ਸੰਧਾਵਾਲੀਆ ਸਕੱਤਰ ਪੰਜਾਬ ਸਰਕਾਰ ਟਰਾਂਸਪੋਰਟ ਵਿਭਾਗ ਦੀ ਰਹਿਨੁਮਾਈ ਹੇਠ ਮੈਡਮ ਅਮਨਦੀਪ ਕੌਰ ਡਾਇਰੈਕਟਰ ਸਟੇਟ ਟਰਾਂਸਪੋਰਟ ਪੰਜਾਬ ਰੋਡਵੇਜ਼ ਡਿਪਟੀ ਡਾਇਰੈਕਟਰ ਪੁਨੀਤ ਸਿੰਘ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਪੰਜਾਬ ਰੋਡਵੇਜ਼ ਮੋਗਾ ਡਿੱਪੂ 'ਚ ਨੌ ਡਿਟੈਨਸ਼ਨ ਡੇਅ ਮਨਾਇਆ ਗਿਆ। ਇਸ ਮੌਕੇ ਮੋਗਾ ਡਿੱਪੂ ਦੇ ਜਨਰਲ ਮੈਨੇਜਰ ਸ: ਜਗਰਾਜ ਸਿੰਘ ਤੂਰ, ਐੱਸ.ਐੱਸ.ਆਈ. ਸ੍ਰੀ ਫੁੱਲਵੀਰ ਕੁਮਾਰ ਤੇ ਟੀ.ਜੀ.-1 ਮਨਮੋਹਨ ਸਿੰਘ ਨੇ ਪ੍ਰੈੱਸ ਨੂੰ ਜਾਣਕਾਰੀ ਦਿੰਦਿਆਂ ਕਿਹਾ ਕਿ ਅੱਜ ਮੋਗਾ ਡਿੱਪੂ ਵੱਲੋਂ ਨੌ ਡਿਟੈਨਸ਼ਨ ਡੇਅ ਮਨਾਇਆ ਗਿਆ ਹੈ। ਇਸ ਡੇਅ ਨੂੰ ਮਨਾਉਣ ਦਾ ਮੁੱਖ ਮਕਸਦ ਮੋਗਾ ਡਿੱਪੂ ਵਿੱਚ ਕੋਈ ਵੀ ਬੱਸ, ਜੋ ਕਿ ਕਿਸੇ ਕਮੀ ਕਰਕੇ ਨਹੀਂ ਚੱਲ ਰਹੀ, ਉਸ ਕਮੀ ਨੂੰ ਦੂਰ ਕਰਕੇ ਹਰ ਹਾਲਤ ਵਿੱਚ ਉਨ੍ਹਾਂ ਬੱਸਾਂ ਨੂੰ ਰੂਟਾਂ 'ਤੇ ਚਲਾਉਣਾ ਹੈ, ਜਿਸ ਤਹਿਤ ਇਸ ਸਮੇਂ ਹੁਣ ਮੋਗਾ ਡਿੱਪੂ ਦੀਆਂ ਕੁੱਲ 76 ਬੱਸਾਂ ਅਲਗ-ਅਲਗ ਰੂਟਾਂ 'ਤੇ ਦੌੜ ਰਹੀਆਂ ਹਨ ਤੇ ਭਵਿੱਖ 'ਚ ਸਾਡੀ ਇਹੀ ਕੋਸ਼ਿਸ਼ ਰਹੇਗੀ ਕਿ ਕਿਸੇ ਵੀ ਬੱਸ ਨੂੰ ਰਿਪੇਅਰ ਖੁਣੋਂ ਡਿੱਪੂ 'ਚ ਖੜਾ ਨਹੀਂ ਕੀਤਾ ਜਾਵੇਗਾ। ਉਨ੍ਹਾ ਕਿਹਾ ਕਿ ਡਿੱਪੂ ਦਾ ਸਮੂਹ ਸਟਾਫ ਤੇ ਡਿੱਪੂ ਦੀਆਂ ਸਮੂਹ ਜਥੇਬੰਦੀਆਂ ਵਧਾਈ ਦੀਆਂ ਪਾਤਰ ਹਨ, ਜਿਸ ਕਰਕੇ ਅਸੀਂ ਇਸ ਡੇਅ ਨੂੰ ਮਨਾਉਣ 'ਚ ਕਾਮਯਾਬ ਹੋਏ ਹਾਂ।

ਆਈ ਟੀ ਆਈਜ਼ ਸਟੂਡੈਂਟਸ ਫੈਡਰੇਸ਼ਨ ਸਿਖਿਆਰਥੀਆਂ ਨੂੰ ਮੰਗਾਂ ਪ੍ਰਤੀ ਜਾਗਰੂਕ ਕਰੇਗੀ : ਮਾੜੀਮੇਘਾ, ਵਲਟੋਹਾ

ਪੱਟੀ : ਏ ਆਈ ਐੱਸ ਐੱਫ ਦਾ ਗੜ੍ਹ ਰਹੀ ਸਰਕਾਰੀ ਉਦਯੋਗਿਕ ਸਿਖਲਾਈ ਸੰਸਥਾ (ਆਈ ਟੀ ਆਈ) ਪੱਟੀ ਵਿੱਚ ਆਈ ਟੀ ਆਈਜ਼ ਸਟੂਡੈਂਟਸ ਫੈਡਰੇਸ਼ਨ (ਏ ਆਈ ਐੱਸ ਐੱਫ) ਵੱਲੋਂ ਚੋਣ ਕਰਵਾ ਕੇ ਕਮੇਟੀ ਬਣਾਈ ਗਈ। ਇਸ ਪ੍ਰੋਗਰਾਮ ਨੂੰ ਏ ਆਈ ਐੱਸ ਐੱਫ ਦੇ ਸੀਨੀਅਰ ਆਗੂ ਲਵਪ੍ਰੀਤ ਮਾੜੀਮੇਘਾ ਤੇ ਸਰਬ ਭਾਰਤ ਨੌਜਵਾਨ ਸਭਾ ਦੇ ਨੈਸ਼ਨਲ ਕੌਂਸਲ ਮੈਂਬਰ ਵਿਸ਼ਾਲ ਵਲਟੋਹਾ ਨੇ ਸੰਬੋਧਨ ਕਰਦਿਆਂ ਕਿਹਾ ਕਿ ਅੱਜ ਸਾਡੇ ਦੇਸ਼ ਨੂੰ ਇਨਕਲਾਬੀ ਸੂਰਮਿਆਂ ਦੇ ਜੀਵਨ ਤੋਂ ਸੇਧ ਲੈਣ ਦੀ ਲੋੜ ਹੈ, ਜਿਨ੍ਹਾਂ ਆਪਣੀ ਜ਼ਿੰਦਗੀ ਨੂੰ ਸਮਾਜ ਦੇ ਲੇਖੇ ਲਾਇਆ। ਪਰਮਗੁਣੀ ਭਗਤ ਸਿੰਘ ਚਾਹੁੰਦਾ ਸੀ ਕਿ ਹਰ ਮਨੁੱਖ ਕੋਲ ਕੰਮ ਹੋਵੇ ਤੇ ਹਰ ਮਨੁੱਖ ਨੂੰ ਵਿੱਦਿਆ ਦਾ ਅਧਿਕਾਰ ਹੋਵੇ, ਤਾਂ ਜੋ ਸਮਾਜ ਵਿੱਚ ਖੁਸ਼ਹਾਲੀ ਤੇ ਤਰੱਕੀ ਦੇ ਰਾਹ 'ਤੇ ਸਮਾਜ ਨੂੰ ਅੱਗੇ ਲੈ ਕੇ ਜਾਇਆ ਜਾਵੇ। ਜਿਸ ਮੁਲਕ ਵਿੱਚ ਔਰਤ ਨੂੰ ਬਰਾਬਰ ਦਾ ਅਧਿਕਾਰ ਹੋਵੇਗਾ, ਉਹ ਸਮਾਜ ਸਦਾ ਖੁਸ਼ਹਾਲ ਹੋਵੇਗਾ। ਆਗੂਆਂ ਨੇ ਕਿਹਾ ਕਿ ਨੌਜਵਾਨਾਂ, ਵਿਦਿਆਰਥੀਆਂ ਦੇ ਸੁਪਨੇ ਸਾਕਾਰ ਕਰਨ ਵਾਸਤੇ ਸਰਕਾਰ ਉਹਨਾਂ ਨੂੰ ਪਹਿਲ ਦੇ ਆਧਾਰ 'ਤੇ ਰੁਜ਼ਗਾਰ ਦੇਵੇ।

ਬੇਰੁਜ਼ਗਾਰੀ ਦੀ ਸਮੱਸਿਆ ਨੂੰ ਹੱਲ ਕਰਨ ਵਾਸਤੇ ਅੱਜ ਸਾਨੂੰ ਰੁਜ਼ਗਾਰ ਦਾ ਕਾਨੂੰਨ 'ਭਗਤ ਸਿੰਘ ਕੌਮੀ ਰੁਜ਼ਗਾਰ ਗਰੰਟੀ ਕਾਨੂੰਨ' (ਬਨੇਗਾ) ਬਣਾਉਣ ਦੀ ਲੋੜ ਹੈ, ਜਿਸ ਤਹਿਤ ਹਰ ਮਨੁੱਖ ਨੂੰ 18 ਤੋਂ 58 ਸਾਲ ਦੀ ਉਮਰ ਤੱਕ ਉਸ ਦੀ ਯੋਗਤਾ ਮੁਤਾਬਕ ਕੰਮ ਮਿਲੇ, ਤਾਂ ਜੋ ਵਿਦੇਸ਼ਾਂ ਵਿਚ ਰੁਲ ਰਹੀ ਜਵਾਨੀ ਨੂੰ ਬਚਾਇਆ ਜਾਵੇ ਤੇ ਭਾਰਤ ਵਿਚ ਬੇਰੁਜ਼ਗਾਰੀ ਨੂੰ ਖਤਮ ਕੀਤਾ ਜਾ ਸਕੇ। ਉਹਨਾਂ ਕਿਹਾ ਕਿ ਆਈ ਟੀ ਆਈ ਬਹੁਤ ਅਹਿਮ ਅਦਾਰਾ ਹੈ, ਜਿਸ ਵਿੱਚੋਂ ਵਿਦਿਆਰਥੀ ਵੱਖ-ਵੱਖ ਟਰੇਡਾਂ ਦੀ ਤਕਨੀਕ ਸਿਖ ਕੇ ਵੱਖ-ਵੱਖ ਥਾਵਾਂ 'ਤੇ ਕੰਮ ਕਰਦੇ ਹਨ, ਪਰ ਉਹਨਾਂ ਨੂੰ ਆਪਣੀ ਉਜਰਤ ਨਾਲੋਂ ਘੱਟ ਤਨਖਾਹ ਦਿੱਤੀ ਜਾਂਦੀ ਹੈ, ਜਿਸ ਨਾਲ ਕਿਰਤ ਦੀ ਲੁੱਟ ਕਰਕੇ ਕਾਰਪੋਰੇਟ ਆਪਣਾ ਮੁਨਾਫਾ ਵਧਾਉਂਦਾ ਹੈ। ਏ ਆਈ ਐੱਸ ਐੱਫ ਇਹ ਵੀ ਮੰਗ ਕਰਦੀ ਹੈ ਕਿ ਹਰ ਮਨੁੱਖ ਨੂੰ ਵਿਦਿਆ ਲਾਜ਼ਮੀ, ਵਿਗਿਆਨਕ ਤੇ ਮੁਫਤ ਦਿੱਤੀ ਜਾਵੇ, ਤਾਂ ਜੋ ਹਰ ਇੱਕ ਨੂੰ ਪੜ੍ਹ-ਲਿਖ ਕੇ ਗਿਆਨ ਪ੍ਰਾਪਤ ਕਰਨ ਦਾ ਮੌਕਾ ਮਿਲੇ। ਇਸ ਮੌਕੇ 30 ਮੈਂਬਰੀ ਕਮੇਟੀ ਬਣਾਈ ਗਈ, ਜਿਸ ਵਿੱਚ ਸੁਖਬੀਰ ਸਿੰਘ ਮਾੜੀਮੇਘਾ, ਪ੍ਰਭਜੋਤ ਸਿੰਘ, ਗੁਰਪ੍ਰੀਤ ਸਿੰਘ ਪੱਟੀ, ਜਸਕਰਨ ਸਿੰਘ, ਸਾਜਨ ਸਿੰਘ ਬੋਪਾਰਾਏ, ਗੁਰਜੰਟ ਸਿੰਘ ਮਾੜੀ ਉਦੋਕੇ, ਗੁਰਪ੍ਰੀਤ ਸਿੰਘ ਖੇਮਕਰਨ, ਨਵਰੂਪ ਸਿੰਘ ਖਾਲੜਾ ਤੇ ਹੋਰ ਸਾਥੀ ਚੁਣੇ ਗਏ। ਆਈ ਟੀ ਆਈ ਇੰਪਲਾਈਜ਼ ਯੂਨੀਅਨ ਦੇ ਸਾਬਕਾ ਪ੍ਰਧਾਨ ਜਰਨੈਲ ਸਿੰਘ ਨੇ ਵੀ ਸੰਬੋਧਨ ਕੀਤਾ।

ਸਿਖਿਆਰਥੀ ਚੇਤਨਾ ਕੈਂਪ ਦੀ ਰੂਪ-ਰੇਖਾ ਨੂੰ ਦਿੱਤੀਆਂ ਅੰਤਮ ਛੋਹਾਂ

ਜਲੰਧਰ (ਕੇਸਰ)-ਦੇਸ਼ ਭਗਤ ਯਾਦਗਾਰ ਕਮੇਟੀ ਦੇ ਪ੍ਰਧਾਨ ਅਜਮੇਰ ਸਿੰਘ, ਜਨਰਲ ਸਕੱਤਰ ਪ੍ਰਿਥੀਪਾਲ ਸਿੰਘ ਮਾੜੀਮੇਘਾ ਅਤੇ ਸੱਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ ਨੇ ਦੱਸਿਆ ਕਿ 23 ਤੇ 24 ਸਤੰਬਰ ਨੂੰ ਲੱਗ ਰਹੇ ਸਲਾਨਾ ਸਿਖਿਆਰਥੀ ਚੇਤਨਾ ਕੈਂਪ ਦੀ ਰੂਪ-ਰੇਖਾ ਨੂੰ ਮੰਗਲਵਾਰ ਅੰਤਮ ਛੋਹਾਂ ਦਿੱਤੀਆਂ ਗਈਆਂ। 23 ਸਤੰਬਰ ਸਵੇਰੇ 10:30 ਵਜੇ ਦੇਸ਼ ਭਗਤ ਯਾਦਗਾਰ ਕਮੇਟੀ ਦੀ ਇਤਿਹਾਸ ਕਮੇਟੀ ਦੇ ਕਨਵੀਨਰ ਹਰਵਿੰਦਰ ਭੰਡਾਲ 'ਗ਼ਦਰ ਪਾਰਟੀ ਦੇ ਆਜ਼ਾਦੀ, ਬਰਾਬਰੀ ਅਤੇ ਧਰਮ-ਨਿਰਪੱਖਤਾ ਦੇ ਸੰਕਲਪਾਂ' ਬਾਰੇ ਸਿਖਿਆਰਥੀਆਂ ਨਾਲ ਗੱਲਾਂ ਕਰਨਗੇ। ਉਪਰੰਤ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਦੇ ਪ੍ਰੋ. ਕੁਲਦੀਪ ਪੁਰੀ 'ਸਿੱਖਿਆ ਨੀਤੀ 2020 : ਜੁਆਨੀ ਦੇ ਹੋ ਰਹੇ ਪਰਵਾਸ ਅਤੇ ਪੰਜਾਬ ਦੇ ਭਵਿੱਖ' ਸੰਬੰਧੀ ਸਿਖਿਆਰਥੀਆਂ ਨੂੰ ਸੰਬੋਧਨ ਕਰਨਗੇ। 23 ਸਤੰਬਰ ਦੇਰ ਸ਼ਾਮ ਨੂੰ ਸਿਖਿਆਰਥੀਆਂ ਦੀ ਜਾਣ-ਪਹਿਚਾਣ ਅਤੇ ਢੁਕਵੀਂ ਨਿੱਕੀ ਕਲਾ ਵੰਨਗੀ ਹੋਏਗੀ। ਦੂਜੇ ਦਿਨ 24 ਸਤੰਬਰ ਪਹਿਲੇ ਸੈਸ਼ਨ 'ਚ ਦੇਸ਼ ਭਗਤ ਯਾਦਗਾਰ ਕਮੇਟੀ ਦੇ ਮੈਂਬਰ ਡਾ. ਪਰਮਿੰਦਰ 'ਮੁਲਕ 'ਚ ਲੋਕਾਂ ਉਪਰ ਫ਼ਿਰਕੂ ਫਾਸ਼ੀ ਹੱਲੇ ਅਤੇ ਅਜੋਕੀ ਹਾਲਤ', ਡਾ. ਸੁਖਦੇਵ ਸਿਰਸਾ 'ਫਾਸ਼ੀ ਹੱਲੇ ਦਾ ਸਾਡੇ ਸਾਹਿਤ, ਸੱਭਿਆਚਾਰ 'ਤੇ ਪ੍ਰਭਾਵ' ਵਿਸ਼ੇ ਉਪਰ ਰੌਸ਼ਨੀ ਪਾਉਣਗੇ। ਦੋਵੇਂ ਦਿਨ ਦੇ ਸੈਸ਼ਨਾਂ 'ਚ ਸਿਖਿਆਰਥੀਆਂ ਨਾਲ ਸੁਆਲ-ਜਵਾਬ ਦਾ ਸੰਵਾਦ ਵੀ ਹੋਏਗਾ। 24 ਸਤੰਬਰ ਸ਼ਾਮ ਨੂੰ ਹੀ ਪੁਸਤਕਾਂ ਅਤੇ ਪ੍ਰਮਾਣ-ਪੱਤਰ ਨਾਲ ਸਿਖਿਆਰਥੀਆਂ ਦਾ ਸਨਮਾਨ ਕਰਕੇ ਸਮਾਜ ਅੰਦਰ ਪਸਰੇ ਅਤੇ ਹੋਰ ਗੂੜ੍ਹੇ ਹੋ ਰਹੇ ਨਨੇਰੇ ਨੂੰ ਦੂਰ ਕਰਨ ਲਈ ਚਾਨਣ ਵੰਡਣ ਦੇ ਸੰਕਲਪ ਨਾਲ ਵਿਦਾ ਕੀਤਾ ਜਾਏਗਾ। ਸਿਖਿਆਰਥੀਆਂ ਲਈ ਰਿਹਾਇਸ਼ ਅਤੇ ਖਾਣੇ ਦਾ ਪ੍ਰਬੰਧ ਕਮੇਟੀ ਕਰੇਗੀ। ਸਿਖਿਆਰਥੀਆਂ ਨੂੰ ਆਪਣੇ ਕਾਪੀ, ਪੈੱਨ ਲਿਆਉਣ ਜਾਂ ਨੋਟਿਸ ਲੈਣ ਦਾ ਪ੍ਰਬੰਧ ਆਪ ਕਰਨਾ ਹੋਏਗਾ।

ਸੁਖਨ ਸੁਨੇਹੇ ਮੰਚ ਵੱਲੋਂ ਪੰਮਾ ਸੰਧੂ ਕਿਤਾਬਾਂ ਨਾਲ ਸਨਮਾਨਤ

ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ/ਪੂਜਾ)-ਸਮਾਜ ਸੇਵੀ ਸੰਸਥਾ 'ਕਲਪ ਐਜੂਕੇਸ਼ਨਲ ਵੈਲਫੇਅਰ ਸੁਸਾਇਟੀ (ਰਜਿ.)' ਨੂੰ ਸਿੱਖਿਆ, ਸਿਹਤ, ਸੜਕ ਸੁਰੱਖਿਆ ਤੇ ਵਾਤਾਵਰਨ ਦੇ ਨਾਲ-ਨਾਲ ਪਾਠਕ ਵਰਗ ਨੂੰ ਕਿਤਾਬਾਂ ਨਾਲ ਜੋੜਨ ਬਦਲੇ ਕਿਤਾਬਾਂ ਨਾਲ ਨਵਾਜ ਕੇ ਸਨਮਾਨਤ ਕੀਤਾ। 'ਸੁਖਨ ਸੁਨੇਹੇ ਮੰਚ' (ਰਜਿ:) ਦੇ ਅਹੁਦੇਦਾਰ ਹਰਪਿੰਦਰ ਰਾਣਾ ਨੇ ਦੱਸਿਆ ਕਿ ਸੰਸਥਾ ਦੁਆਰਾ ਲੰਬੇ ਸਮੇਂ ਤੋਂ 'ਪਰਵਾਜ਼ ਲਾਇਬ੍ਰੇਰੀ' ਪਾਠਕਾਂ ਦੇ ਸੇਵਾ ਵਿੱਚ ਆਪਣੀ ਬਣਦੀ ਭੂਮਿਕਾ ਨਿਭਾ ਰਹੀ ਹੈ। ਸੰਕਲਪ ਸੁਸਾਇਟੀ ਦੇ ਸੰਸਥਾਪਕ ਪ੍ਰਧਾਨ ਨਰਿੰਦਰ ਸਿੰਘ ਪੰਮਾ ਸੰਧੂ ਵੀ ਆਪਣੀ ਸੰਸਥਾ ਅਧੀਨ 'ਸੰਕਲਪ ਕਿਤਾਬ ਘਰ' ਬਿਨਾਂ ਕਿਸੇ ਬਾਹਰੀ ਮੱਦਦ ਦੇ ਆਪਣੇ ਪੱਧਰ 'ਤੇ ਚਲਾ ਰਹੇ ਹਨ। ਉਨ੍ਹਾਂ ਦੀਆਂ ਸਮਾਜ ਪ੍ਰਤੀ ਨਿਸ਼ਕਾਮ ਸੇਵਾਵਾਂ ਨੂੰ ਦੇਖਦਿਆਂ ਸੰਸਥਾ ਦੇ ਪ੍ਰਧਾਨ ਤੇ ਲੇਖਕਾ ਹਰਪਿੰਦਰ ਰਾਣਾ ਤੇ ਮੀਨਾਕਸ਼ੀ ਮਨਹਰ ਦੁਆਰਾ ਚੋਟੀ ਦੇ ਲੇਖਿਕਾ ਦੀਆਂ ਰਚਨਾਵਾਂ ਨਾਲ ਗੜ੍ਹੱਚ ਕਿਤਾਬਾਂ ਦੇ ਕੇ ਸਨਮਾਨਤ ਕੀਤਾ ਗਿਆ। ਸੰਧੂ ਨੇ ਮਾਪਿਆਂ ਨੂੰ ਅਪੀਲ ਕੀਤੀ ਕਿ ਉਹ ਆਪਣੇ ਬੱਚਿਆਂ ਨੂੰ ਆਧੁਨਿਕ ਗਿਆਨ ਦੇ ਨਾਲ-ਨਾਲ ਕਿਤਾਬਾਂ ਨਾਲ ਵੀ ਜੋੜ ਕੇ ਰੱਖਣ।

ਚਾਈਲਡ ਕੇਅਰ ਛੁੱਟੀ 'ਤੇ ਰੋਕ ਇਸਤਰੀ ਅਧਿਆਪਕਾਂ ਦੇ ਹੱਕਾਂ 'ਤੇ ਡਾਕਾ : ਪੁਆਰੀ

■ ਗੌਰਮਿੰਟ ਸਕੂਲ ਟੀਚਰਜ਼ ਯੂਨੀਅਨ ਵੱਲੋਂ ਰੋਕ ਖਤਮ ਕਰਨ ਦੀ ਮੰਗ

ਜ਼ੀਰਾ (ਨਰਿੰਦਰ ਅਨੇਜਾ)-ਸਿੱਖਿਆ ਵਿਭਾਗ ਪੰਜਾਬ ਸਰਕਾਰ ਵੱਲੋਂ ਇਸਤਰੀ ਅਧਿਆਪਕਾਂ ਦੀ ਚਾਈਲਡ ਕੇਅਰ ਛੁੱਟੀ ਉੱਤੇ ਅਲੱਗ ਅਲੱਗ ਢੰਗਾਂ ਨਾਲ ਲਗਾਈ ਜਾ ਰਹੀ ਰੋਕ ਨੂੰ ਇਸਤਰੀ ਅਧਿਆਪਕਾਂ ਦੇ ਹੱਕਾਂ 'ਤੇ ਡਾਕਾ ਹੈ ਤੇ ਪੰਜਾਬ ਸਰਕਾਰ ਦੇ ਪ੍ਰਸੋਨਲ ਵਿਭਾਗ ਦੀਆਂ ਹਦਾਇਤਾਂ ਦੀ ਸਪੱਸ਼ਟ ਉਲੰਘਣਾ ਹੈ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਗੌਰਮਿੰਟ ਸਕੂਲ ਟੀਚਰਜ਼ ਯੂਨੀਅਨ ਪੰਜਾਬ ਦੇ ਸੂਬਾ ਪ੍ਰਧਾਨ ਸੁਰਿੰਦਰ ਕੁਮਾਰ ਪੁਆਰੀ, ਜਨਰਲ ਸਕੱਤਰ ਗੁਰਪ੍ਰੀਤ ਮਾੜੀਮੇਘਾ, ਪ੍ਰਵੀਨ ਕੁਮਾਰ ਲੁਧਿਆਣਾ, ਸੁਖਜਿੰਦਰ ਸਿੰਘ ਖਾਨਪੁਰ, ਨਵੀਨ ਸਚਦੇਵਾ, ਪ੍ਰੇਮ ਚਾਵਲਾ, ਬਾਜ ਸਿੰਘ ਭੁੱਲਰ, ਪਰਮਿੰਦਰ ਸਿੰਘ ਸੋਢੀ, ਗੁਰਮੀਤ ਸਿੰਘ ਸੰਧੂ, ਰਾਜਬੀਰ ਸਿੰਘ ਢਿੱਲੋਂ, ਬਲਵਿੰਦਰ ਸਿੰਘ ਮੁਲਤਾਨੀ, ਬਲਜਿੰਦਰ ਸਿੰਘ ਮੱਖੂ ਆਦਿ ਆਗੂਆਂ ਵੱਲੋਂ ਸਾਂਝੇ ਤੌਰ 'ਤੇ ਕੀਤਾ ਗਿਆ। ਆਗੂਆਂ ਨੇ ਦੱਸਿਆ ਕਿ ਪੰਜਾਬ ਸਰਕਾਰ ਦੇ ਪ੍ਰਸੋਨਲ ਵਿਭਾਗ ਵੱਲੋਂ ਕੇਂਦਰ ਤੇ ਪੰਜਾਬ ਦੇ ਤਨਖਾਹ ਕਮਿਸ਼ਨ ਦੀਆਂ ਸਿਫਾਰਸ਼ਾਂ ਦੇ ਅਧਾਰ 'ਤੇ 22 ਦਸੰਬਰ 2011 ਨੂੰ ਪੱਤਰ ਜਾਰੀ ਕਰਕੇ ਹਦਾਇਤਾਂ ਕੀਤੀਆਂ ਗਈਆਂ ਸਨ ਕਿ ਪੰਜਾਬ ਦੇ ਸਰਕਾਰੀ ਵਿਭਾਗਾਂ ਵਿੱਚ ਸੇਵਾ ਨਿਭਾਅ ਰਹੀਆਂ ਇਸਤਰੀ ਕਰਮਚਾਰੀਆਂ ਨੂੰ 18 ਸਾਲ ਦੀ ਉਮਰ ਤੱਕ ਉਨ੍ਹਾਂ ਦੇ ਬੱਚਿਆਂ ਦੀ ਦੇਖਭਾਲ ਕਰਨ, ਆਪਣੇ ਬੱਚਿਆਂ ਦੀ ਪ੍ਰੀਖਿਆ ਦੀ ਤਿਆਰੀ ਲਈ ਜਾਂ ਬੱਚਿਆਂ ਦੇ ਬੀਮਾਰ ਹੋਣ ਦੀ ਹਾਲਤ ਵਿੱਚ ਚਾਇਲਡ ਕੇਅਰ ਲੀਵ ਦਿੱਤੀ ਜਾਂਦੀ ਹੈ, ਪਰ ਹੁਣ ਸਿੱਖਿਆ ਵਿਭਾਗ ਪੰਜਾਬ ਸਰਕਾਰ ਵੱਲੋਂ ਇਸਤਰੀ ਅਧਿਆਪਕਾਂ ਦੇ ਇਸ ਹੱਕ ਉੱਪਰ ਪਿਛਲੇ ਸਮੇਂ ਤੋਂ ਡਾਕਾ ਮਾਰਿਆ ਜਾ ਰਿਹਾ ਹੈ। ਜਿਵੇਂ ਕਿ ਦਫਤਰ ਡੀ.ਪੀ.ਆਈ. (ਸ) ਪੰਜਾਬ ਵੱਲੋਂ 11 ਮਈ 2018 ਨੂੰ ਪੱਤਰ ਜਾਰੀ ਕਰਕੇ ਜਨਵਰੀ, ਫਰਵਰੀ ਤੇ ਮਾਰਚ ਦੇ ਮਹੀਨੇ ਦੌਰਾਨ ਚਾਇਲਡ ਕੇਅਰ ਲੀਵ ਮੁੱਖ ਦਫਤਰ ਨੂੰ ਨਾ ਭੇਜਣ ਦੀ ਹਦਾਇਤ ਜਾਰੀ ਕੀਤੀ ਗਈ ਸੀ। ਹੁਣ ਬੀਤੇ 8 ਸਤੰਬਰ 2023 ਨੂੰ ਦਫਤਰ ਡਾਇਰੈਕਟਰ ਆਫ ਸਕੂਲ ਐਜੂਕੇਸ਼ਨ (ਸ) ਪੰਜਾਬ ਵੱਲੋਂ ਹਦਾਇਤ ਜਾਰੀ ਕੀਤੀ ਹੈ ਕਿ ਸਤੰਬਰ ਮਹੀਨੇ ਦੌਰਾਨ ਵੀ ਚਾਇਲਡ ਕੇਅਰ ਲੀਵ ਨੂੰ ਮੁੱਖ ਦਫਤਰ ਨੂੰ ਨਾ ਭੇਜਿਆ ਜਾਵੇ। ਆਗੂਆਂ ਨੇ ਦੱਸਿਆ ਕਿ ਸਤੰਬਰ ਮਹੀਨੇ ਦੌਰਾਨ ਵਿਦਿਆਰਥੀਆਂ ਨੂੰ ਸਿਲੇਬਸ ਨਹੀਂ ਕਰਵਾਇਆ ਜਾਂਦਾ। ਸਕੂਲਾਂ 'ਚ ਵਿਦਿਆਰਥੀ ਕੇਵਲ ਸਤੰਬਰ ਪ੍ਰੀਖਿਆ ਦਿੰਦੇ ਹਨ। ਸਤੰਬਰ ਮਹੀਨੇ ਤੇ ਜਨਵਰੀ, ਫਰਵਰੀ ਮਹੀਨਿਆਂ ਦੌਰਾਨ ਚਾਇਲਡ ਕੇਅਰ ਲੀਵ ਉੱਤੇ ਰੋਕ ਲਾਉਣਾ ਸਰਾਸਰ ਇਸਤਰੀ ਅਧਿਆਪਕਾਂ ਨਾਲ ਧੱਕਾ ਹੈ।

ਜਥੇਬੰਦੀ ਨੇ ਸਿੱਖਿਆ ਮੰਤਰੀ ਪੰਜਾਬ ਹਰਜੋਤ ਸਿੰਘ ਬੈਂਸ ਤੋਂ ਮੰਗ ਕੀਤੀ ਹੈ ਕਿ ਇਸਤਰੀ ਅਧਿਆਪਕਾਂ ਦੀ ਚਾਈਡ ਕੇਅਰ ਲੀਵ ਉੱਪਰ ਸਿੱਖਿਆ ਵਿਭਾਗ ਦੇ ਉੱਚ ਅਧਿਕਾਰੀਆਂ ਵੱਲੋਂ ਬੇਵਜ੍ਹਾ ਲਗਾਈ ਗਈ ਰੋਕ ਤੁਰੰਤ ਖਤਮ ਕਰਵਾਈ ਜਾਵੇ ਤਾਂ ਜੋ ਇਸਤਰੀ ਅਧਿਆਪਕ ਮੁਲਾਜ਼ਮਾਂ ਨੂੰ ਉਨ੍ਹਾਂ ਦਾ ਬਣਦਾ ਯੋਗ ਹੱਕ ਮਿਲ ਸਕੇ।

'ਆਪ' ਨੇ ਡੇਢ ਸਾਲ ਅੰਦਰ 35 ਹਜ਼ਾਰ ਤੋਂ ਵੱਧ ਨੌਜਵਾਨਾਂ ਨੂੰ ਰੁਜ਼ਗਾਰ ਦੇ ਕੇ ਸਿਰਜਿਆ ਇਤਿਹਾਸ : ਗੈਰੀ ਬੜਿੰਗ

ਮੰਡੀ ਗੋਬਿੰਦਗੜ੍ਹ (ਲਖਵੀਰ ਸਿੰਘ, ਹਰਚਰਨ ਉੱਪਲ) ਪੰਜਾਬ ਸਰਕਾਰ ਬੇਰੁਜ਼ਗਾਰੀ ਦੇ ਖਾਤਮੇ ਲਈ ਪੂਰੀ ਦ੍ਰਿੜਤਾ ਨਾਲ ਕੰਮ ਕਰ ਰਹੀ ਹੈ ਤੇ ਸਰਕਾਰ ਨੇ ਆਪਣੇ ਡੇਢ ਸਾਲ ਅੰਦਰ ਹੀ 35 ਹਜ਼ਾਰ ਤੋਂ ਵੱਧ ਨੌਜਵਾਨਾਂ ਨੂੰ ਰੋਜ਼ਗਾਰ ਦੇ ਕੇ ਇੱਕ ਨਵਾਂ ਇਤਿਹਾਸ ਸਿਰਜਿਆ ਹੈ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਹਲਕਾ ਅਮਲੋਹ ਦੇ ਵਿਧਾਇਕ ਸ਼੍ਰੀ ਗੁਰਿੰਦਰ ਸਿੰਘ ਗੈਰੀ ਬੜਿੰਗ ਨੇ ਅਮਲੋਹ ਬਲਾਕ ਦੇ 33 ਆਂਗਨਵਾੜੀ ਵਰਕਰਾਂ ਤੇ ਹੈਲਪਰਾਂ ਨੂੰ ਨਿਯੁਕਤੀ ਪੱਤਰ ਵੰਡਣ ਮੌਕੇ ਕੀਤਾ। ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਆਮ ਲੋਕਾਂ ਦੀ ਪਾਰਟੀ ਹੈ ਤੇ ਸਾਡੀ ਪਾਰਟੀ ਪੰਜਾਬੀਆਂ ਦੀਆਂ ਦੁੱਖ ਤਕਲੀਫ਼ਾਂ ਨੂੰ ਸਮਝਦੇ ਹੋਏ ਪੂਰੀ ਸੰਜੀਦਗੀ ਨਾਲ ਸੂਬੇ ਦਾ ਚੌਤਰਫਾ ਵਿਕਾਸ ਕਰਾ ਰਹੀ ਹੈ। ਵਿਧਾਇਕ ਨੇ ਕਿਹਾ ਕਿ ਪਿਛਲੀਆਂ ਸਰਕਾਰਾਂ ਸਮੇਂ ਅੰਦਰ ਸਰਕਾਰੀ ਨੌਕਰੀਆਂ ਸਿਰਫ਼ ਰਿਸ਼ਵਤ ਜਾਂ ਸਿਫਾਰਸ਼ਾਂ ਦੇ ਆਧਾਰ 'ਤੇ ਹੀ ਦਿੱਤੀਆਂ ਜਾਂਦੀਆਂ ਰਹੀਆਂ ਹਨ, ਜਿਸ ਕਾਰਨ ਗ

13-Sep-PAGE- 3 qxd.qxd 9/12/2023 10:45 PM Page 1

ਭਖਦੇ ਮਸਲਿਆਂ ਨੂੰ ਲੈ ਕੇ ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਵੱਲੋਂ ਪੱਕਾ ਮੋਰਚਾ ਸ਼ੁਰੂ

ਤਰਨ ਤਾਰਨ (ਪ੍ਰਿਤਪਾਲ ਸਿੰਘ)-ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਜ਼ਿਲ੍ਹਾ ਤਰਨਤਾਰਨ ਦੇ ਜ਼ੋਨ ਪ੍ਰਧਾਨ ਸਲਵਿੰਦਰ ਸਿੰਘ ਡਾਲੇਕੇ, ਸੁਖਵਿੰਦਰ ਸਿੰਘ ਦੁੱਗਲਵਾਲਾ, ਨਿਰਵੈਲ ਸਿੰਘ ਧੁੰਨ ਦੀ ਅਗਵਾਈ ਹੇਠ ਐੱਸਐੱਸਪੀ ਅਤੇ ਡੀਸੀ ਦਫਤਰ ਤਰਨਤਾਰਨ ਵਿਖੇ ਪੱਕਾ ਮੋਰਚਾ ਸ਼ੁਰੂ ਕਰ ਦਿੱਤਾ ਗਿਆ ਹੈ।

ਮੋਰਚੇ ਨੂੰ ਸੰਬੋਧਨ ਕਰਦਿਆਂ ਸੂਬਾ ਆਗੂ ਹਰਪ੍ਰੀਤ ਸਿੰਘ ਸਿੱਹਵਾਂ, ਸੂਬਾ ਤੇ ਜ਼ਿਲ੍ਹਾ ਪ੍ਰਧਾਨ ਸਤਨਾਮ ਸਿੰਘ ਮਾਣੋਚਾਹਲ, ਸੂਬਾ ਆਗੂ ਤੇ ਜ਼ਿਲ੍ਹਾ ਸਕੱਤਰ ਹਰਜਿੰਦਰ ਸਿੰਘ ਸਕਰੀ ਨੇ ਕਿਹਾ ਕਿ ਇਹ ਮੋਰਚਾ ਪ੍ਰਸ਼ਾਸਨ ਦੀ ਮਾੜੀ ਕਾਰਗੁਜ਼ਾਰੀ ਅਤੇ ਨਾਲਾਇਕੀ ਕਾਰਨ ਲੱਗ ਰਿਹਾ ਹੈ। ਪਿਛਲੇ ਕਾਫੀ ਸਮੇਂ ਤੋਂ ਲੋਕਾਂ ਦੇ ਜਾਇਜ਼ ਮਸਲੇ ਲਟਕ ਰਹੇ ਹਨ। ਪਿੰਡ ਰੂੜੇਹਾਸਲ ਦੇ 6 ਕਿਸਾਨਾਂ ਅਤੇ ਇੱਕ ਬੀਬੀ ਤੇ ਥਾਣਾ ਸਦਰ ਤਰਨਤਾਰਨ ਵੱਲੋਂ ਨਾਜਾਇਜ਼ ਪਰਚੇ ਦੇ ਸਬੰਧ ਵਿੱਚ ਪ੍ਰਸ਼ਾਸਨ ਨੂੰ ਵਾਰ-ਵਾਰ ਮੰਗ ਪੱਤਰ ਦੇਣ ਦੇ ਬਾਵਜੂਦ ਕੋਈ ਠੋਸ ਹੱਲ ਨਹੀਂ ਕੱਢਿਆ ਜਾ ਰਿਹਾ। ਇਸੇ ਤਰ੍ਹਾਂ ਹੀ ਪਿੰਡ ਰੂੜੀਵਾਲਾ ਦੀ ਬਜ਼ੁਰਗ ਮਾਤਾ ਦੀ ਜ਼ਮੀਨ ਤੇ ਕੁਝ ਗੈਂਗਸਟਰਾਂ ਵੱਲੋਂ ਨਾਜਾਇਜ਼ ਕਬਜ਼ਾ ਕਰ ਲਿਆ ਗਿਆ ਹੈ ਪਰ ਪ੍ਰਸ਼ਾਸਨ ਵੱਲੋਂ ਬਜ਼ੁਰਗ ਮਾਤਾ ਦੀ ਕੋਈ ਵੀ ਸੁਣਵਾਈ ਨਹੀਂ ਕੀਤੀ ਗਈ, ਉਲਟਾ ਪ੍ਰਸ਼ਾਸਨ ਗੈਂਗਸਟਰ ਦੇ ਹੱਕ ਵਿੱਚ ਭੁਗਤ ਰਿਹਾ ਹੈ। ਜ਼ਿਲ੍ਹਾ ਆਗੂ ਫਤਿਹ ਸਿੰਘ ਪਿੱਦੀ, ਬਲਵਿੰਦਰ ਸਿੰਘ ਚੋਹਲਾ ਸਾਹਿਬ, ਦਿਆਲ ਸਿੰਘ ਮੀਆਂਵਿੰਡ, ਰੇਸਮ ਸਿੰਘ ਘੁਰਕਵਿੰਡ, ਹਰਬਿੰਦਰਜੀਤ ਸਿੰਘ ਕੰਗ ਨੇ ਕਿਹਾ ਕਿ ਜਿਹੜੀ ਸਰਕਾਰ ਨਸ਼ੇ ਨੂੰ ਖਤਮ ਕਰਨ ਦੇ ਦਾਅਵੇ ਕਰਦੀ ਸੀ, ਉਸੇ ਹੀ ਸਰਕਾਰ ਦੇ ਕਾਰਜਕਾਲ ਦੌਰਾਨ ਪੰਜਾਬ ਦੀ ਜਵਾਨੀ ਨਸ਼ੇ ਦੀ ਦਲਦਲ ਵਿੱਚ ਫਸਦੀ ਜਾ ਰਹੀ ਹੈ ਅਤੇ ਅਨੇਕਾਂ ਹੀ ਮਾਵਾਂ ਦੇ ਪੁੱਤ, ਭੈਣਾਂ ਦੇ ਭਰਾ ਅਤੇ ਕੁੜੀਆਂ ਦੇ ਸੁਹਾਗ ਨਸ਼ੇ ਦੀ ਭੇਟ ਚੜ੍ਹ ਰਹੇ ਹਨ। ਸਰਕਾਰ ਕੁੰਭਕਰਨ ਦੀ ਨੀਂਦ ਸੁੱਤੀ ਹੋਈ ਹੈ। ਇਸ ਮੌਕੇ ਹੋਰਨਾਂ ਤੋਂ ਇਲਾਵਾ ਦਿਲਬਾਗ ਸਿੰਘ ਪਹੁਵਿੰਡ, ਕੁਲਵੰਤ ਸਿੰਘ ਭੈਲ, ਮੇਹਰ ਸਿੰਘ ਤਲਵੰਡੀ, ਪਾਖਰ ਸਿੰਘ ਲਾਲਪੁਰ, ਇਕਬਾਲ ਸਿੰਘ ਵੜਿੰਗ, ਪਰਮਜੀਤ ਸਿੰਘ ਛੀਨਾ, ਮਨਜਿੰਦਰ ਸਿੰਘ ਗੋਹਲਵੜ, ਪਸ਼ੌਰਾ ਸਿੰਘ ਗੁੱਜਰਪੁਰਾ, ਜਵਾਹਰ ਸਿੰਘ, ਫਤਿਹ ਸਿੰਘ ਪਿੱਦੀ, ਨਰੰਜਣ ਸਿੰਘ ਬਰਗਾੜੀ, ਬਲਵਿੰਦਰ ਸਿੰਘ ਸੋਰੋਂ, ਲਖਵਿੰਦਰ ਸਿੰਘ ਪਲਾਸੌਰ, ਬੀਬੀ ਸੁਖਵੰਤ ਕੌਰ, ਬੀਬੀ ਦਵਿੰਦਰ ਕੌਰ ਪਿੱਦੀ, ਬਲਵੀਰ ਕੌਰ, ਬੀਬੀ ਜਸਮਿੰਦਰ ਕੌਰ ਮਾਣੋਚਾਹਲ ਆਗੂ ਹਾਜ਼ਰ ਸਨ।

ਪੰਜਾਬ ਸਰਕਾਰ ਸਿੱਖਿਆ ਦੇ ਖੇਤਰ 'ਚ ਲੈ ਕੇ ਆ ਰਹੀ ਹੈ ਕ੍ਰਾਂਤੀਕਾਰੀ ਤਬਦੀਲੀ : ਈ ਟੀ ਓ

ਜੰਡਿਆਲਾ ਗੁਰੂ (ਹਰਿੰਦਰ ਪਾਲ ਸਿੰਘ)-ਮੁੱਖ ਮੰਤਰੀ ਪੰਜਾਬ ਭਗਵੰਤ ਮਾਨ ਪੰਜਾਬ ਦੇ ਸਿੱਖਿਆ ਦੇ ਖੇਤਰ ਵਿਚ ਇਨਕਲਾਬੀ ਤਬਦੀਲੀ ਲਿਆਉਣ ਲਈ ਵੱਡੇ ਉਦਮਾਂ ਦੀ ਸ਼ੁਰੂਆਤ ਕਰਨ ਜਾ ਰਹੇ ਹਨ ਅਤੇ ਇਸਦਾ ਪਲੇਠਾ ਕਦਮ 13 ਸਤੰਬਰ ਨੂੰ ਅੰਮ੍ਰਿਤਸਰ ਦੀ ਪਵਿੱਤਰ ਧਰਤੀ ਤੋਂ ਚੁੱਕਿਆ ਜਾ ਰਿਹਾ ਹੈ। ਉਕਤ ਸ਼ਬਦਾਂ ਦਾ ਪ੍ਰਗਟਾਵਾ ਕਰਦੇ ਕੈਬਨਿਟ ਮੰਤਰੀ ਹਰਭਜਨ ਸਿੰਘ ਈ.ਟੀ.ਓ. ਨੇ ਜੰਡਿਆਲਾ ਗੁਰੂ ਹਲਕੇ ਦੇ ਪਿੰਡ ਨੰਗਲ ਗੁਰੂ ਵਿਖੇ ਸਰਕਾਰੀ ਮਿਡਲ ਅਤੇ ਪ੍ਰਾਇਮਰੀ ਸਕੂਲਾਂ ਦਾ ਦੌਰਾ ਕਰਨ ਮੌਕੇ ਸਟਾਫ ਨਾਲ ਗੱਲਬਾਤ ਕਰਦਿਆਂ ਕੀਤਾ। ਉਨ੍ਹਾਂ ਬਚਿਆਂ ਨਾਲ ਵੀ ਗੱਲਬਾਤ ਕੀਤੀ ਅਤੇ ਉਨ੍ਹਾਂ ਨੂੰ ਸਕੂਲਾਂ ਵਿਚ ਮਿਲ ਰਹੀਆਂ ਸੁਵਿਧਾਵਾਂ ਅਤੇ ਆ ਰਹੀਆਂ ਮੁਸਕਲਾਂ ਬਾਰੇ ਪੁੱਛ ਕੇ ਗੱਲਬਾਤ ਕੀਤੀ। ਉਨਾਂ ਨੇ ਬੱਚਿਆਂ ਨਾਲ ਖੁਸ਼ਖਬਰੀ ਸਾਂਝੀ ਕਰਦੇ ਦੱਸਿਆ ਕਿ 13 ਸਤੰਬਰ ਨੂੰ ਸਕੂਲ ਆਫ ਐਮੀਨੈਂਸ, ਸਕੂਲਾਂ ਵਿਚ ਪੜ੍ਹਨ ਵਾਲੇ ਬੱਚਿਆਂ ਲਈ ਟਰਾਂਸਪੋਰਟ ਸੇਵਾ, ਸਕੂਲਾਂ ਵਿਚ ਸੁਰੱਖਿਆ ਕਰਮੀ ਅਤੇ ਹੋਰ ਬਿਹਤਰ ਸੇਵਾਵਾਂ ਵੀ ਪੰਜਾਬ ਦੇ ਬੱਚਿਆਂ ਨੂੰ ਸਮਰਪਿਤ ਕੀਤੀਆਂ ਜਾਣਗੀਆਂ। ਇਸ ਮੌਕੇ ਕੈਬਨਿਟ ਮੰਤਰੀ ਪਿੰਡ ਦੇ ਗੁਰਦੁਆਰੇ ਸਾਹਿਬ ਵਿਖੇ ਨਤਮਸਤਕ ਹੋਏ, ਸਰਬੱਤ ਦੇ ਭਲੇ ਦੀ ਅਰਦਾਸ ਕੀਤੀ। ਉਨ੍ਹਾਂ ਇਥੇ ਨਵੀਂ ਬਣੀ ਸੜਕ ਦਾ ਉਦਘਾਟਨ ਵੀ ਕੀਤਾ।

ਇਸ ਮੌਕੇ ਸ: ਛਨਾਖ ਸਿੰਘ ਚੇਅਰਮੈਨ ਮਾਰਕੀਟ ਕਮੇਟੀ ਗਹਿਰੀ, ਸੁੱਖਵਿੰਦਰ ਸਿੰਘ, ਸਤਿੰਦਰ ਸਿੰਘ, ਸਰਪੰਚ ਗੁਰਮੀਤ ਸਿੰਘ, ਸੋਨੀ ਨੰਗਲ ਗੁਰੂ, ਬੀਡੀਪੀਓ, ਬਿਜਲੀ ਵਿਭਾਗ ਤੇ ਪੁਲਿਸ ਵਿਭਾਗ ਦੇ ਅਧਿਕਾਰੀ ਹਾਜ਼ਰ ਸਨ।

ਨਗਰ ਨਿਗਮ ਦੀ ਟੀਮ ਨੇ ਖੜ੍ਹੇ ਪਾਣੀ 'ਚ ਲਾਰਵਾ ਮਿਲਣ 'ਤੇ ਕੱਟੇ 7 ਚਲਾਨ

ਬਟਾਲਾ (ਤਰਲੋਕ ਬੱਗਾ)-ਨਗਰ ਨਿਗਮ ਬਟਾਲਾ ਵਲੋਂ ਚਿਕਨਗੁਨੀਆ ਤੇ ਡੇਂਗੂ ਬਿਮਾਰੀ ਦੀ ਰੋਕਥਾਮ ਲਈ ਵਿਸ਼ੇਸ਼ ਮੁਹਿੰਮ ਵਿੱਢੀ ਗਈ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਐਸਡੀਐਮ-ਕਮ-ਕਮਿਸ਼ਨਰ ਨਗਰ ਨਿਗਮ ਬਟਾਲਾ ਡਾ. ਸ਼ਾਇਰੀ ਭੰਡਾਰੀ ਨੇ ਦੱਸਿਆ ਕਿ ਡਿਪਟੀ ਕਮਿਸ਼ਨਰ ਗੁਰਦਾਸਪੁਰ ਦੇ ਦਿਸ਼ਾ-ਨਿਰਦੇਸ਼ਾਂ ਹੇਠ ਚਿਕਨਗੁਨੀਆ ਤੇ ਡੇਂਗੂ ਬਿਮਾਰੀ ਦੀ ਰੋਕਥਾਮ ਲਈ ਸ਼ਹਿਰ ਅੰਦਰ ਫੋਗਿੰਗ ਕਰਵਉਣ ਦੇ ਨਾਲ-ਨਾਲ ਜਿਨ੍ਹਾਂ ਇਲਾਕਿਆਂ ਵਿੱਚ ਪਿਛਲੇ ਸਾਲ ਡੇਂਗੂ ਦੇ ਕੇਸ ਪਾਏ ਗਏ ਸਨ, ਉਸ ਖੇਤਰ ਵੱਲ ਹੋਰ ਵਿਸ਼ੇਸ਼ ਤਵੱਜੋ ਦਿੰਦਿਆਂ ਲੋਕਾਂ ਨੂੰ ਇਨ੍ਹਾਂ ਤੋਂ ਬਚਾਅ ਲਈ ਜਾਗਰੂਕ ਕੀਤਾ ਜਾਵੇ। ਬਟਾਲਾ ਸ਼ਹਿਰ ਵਿੱਚ ਵਿਸ਼ਵਕਰਮਾ ਗਲੀ ਵਿੱਚ ਡੇਂਗੂ ਦੀ ਟੀਮ ਨੇ ਪਰਮਜੀਤ ਸਿੰਘ ਪੁੱਤਰ ਬਚਨ ਸਿੰਘ, ਨਰਿੰਦਰ ਪਾਲ ਪੁੱਤਰ ਹਰਬੰਸ ਲਾਲ, ਪਰਮਜੀਤ ਸਿੰਘ ਪੁੱਤਰ ਗੁਰਚਰਨ ਸਿੰਘ ਦੇ ਗ੍ਰਹਿ ਵਿਖੇ ਕੂਲਰ ਵਿੱਚ ਖੜ੍ਹੇ ਪਾਣੀ ਵਿੱਚ ਡੇਂਗੂ ਦਾ ਲਾਰਵਾ ਮਿਲਣ 'ਤੇ ਚਲਾਨ ਕੀਤਾ ਹੈ। ਇਸ ਤੋਂ ਇਲਾਵਾ ਰਾਜੇਸ਼ ਕੁਮਾਰ ਪੁੱਤਰ ਦਰਸ਼ਨ ਸਿੰਘ, ਪ੍ਰੇਮ ਸਿੰਘ ਪੁੱਤਰ ਸੰਤਾ ਸਿੰਘ, ਅਸ਼ਵਨੀ ਕੁਮਾਰ ਪੁੱਤਰ ਤੁਲੀ ਰਾਮ, ਜਸਪਾਲ ਸਿੰਘ ਪੁੱਤਰ ਨੱਥਾ ਸਿੰਘ ਸਿੰਬਲ ਮੁਹੱਲਾ ਬਟਾਲਾ ਦੇ ਕੂਲਰ ਵਿੱਚ ਲਾਰਵਾ ਪਾਇਆ ਗਿਆ ਅਤੇ ਮੌਕੇ 'ਤੇ ਹੀ ਟੀਮ ਵੱਲੋਂ ਚਲਾਨ ਕੱਟਿਆ ਗਿਆ। ਨਗਰ ਨਿਗਮ ਟੀਮ ਨੇ ਲੋਕਾਂ ਨੂੰ ਕਿਹਾ ਕਿ ਉਹ ਘਰਾਂ ਵਿੱਚ ਵਾਧੂ ਪਏ ਬਰਤਨ ਜਿਵੇਂ ਟਾਇਰ, ਟੁੱਟੇ ਘੜੇ ਅਤੇ ਗਮਲੇ ਆਦਿ ਵਿੱਚ ਪਾਣੀ ਖੜ੍ਹਾ ਨਾ ਹੋਣ ਦੇਣ। ਇਸ ਮੌਕੇ ਨਗਰ ਨਿਗਮ ਦੇ ਸੁਪਰਡੈਂਟ ਸ਼ਿਵ ਕੁਮਾਰ ਨੇ ਦੱਸਿਆ ਕਿ ਸ਼ਹਿਰ ਅੰਦਰ ਫੋਗਿੰਗ ਕੀਤੀ ਜਾ ਰਹੀ ਹੈ। ਫੋਗਿੰਗ ਕਰਵਾਉਣ ਸਬੰਧੀ ਚੀਫ ਸੈਨੇਟਰੀ ਇੰਸਪੈਕਟਰ 82889-98189 ਅਤੇ ਸੈਨੇਟਰੀ ਇੰਸਪੈਕਟਰ ਦਿਲਬਾਗ ਸਿੰਘ ਨਾਲ 62831-57990 ਤੇ ਸੰਪਰਕ ਕੀਤਾ ਜਾ ਸਕਦਾ ਹੈ। ਇਸ ਮੌਕੇ ਉਨ੍ਹਾਂ ਦੇ ਨਾਲ ਬਿਕਰਮ ਸਿੰਘ, ਨਾਮਦੇਵ ਅਤੇ ਸਿਹਤ ਵਿਭਾਗ ਦੀ ਟੀਮ ਮੌਜੂਦ ਸੀ

ਬਾਡੀ ਬਿਲਡਰ ਕਾਰਜ ਸਿੰਘ ਨੂੰ ਬਾਬਾ ਬਲਬੀਰ ਸਿੰਘ ਨੇ ਦਿੱਤੀ ਵਧਾਈ



ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)-ਭਾਰਤ ਦੇ ਮਹਾਰਾਸ਼ਟਰ ਸੂਬੇ ਦੇ ਸ਼ਹਿਰ ਨਾਂਦੇੜ ਸਾਹਿਬ ਤੋਂ ਨਿਊਜ਼ੀਲੈਂਡ ਵਿਖੇ ਵਰਡ ਬਾਡੀ ਬਿਲਡਰ ਮੁਕਾਬਲੇ ਵਿੱਚ ਕਾਰਜ ਸਿੰਘ ਵੱਲੋਂ ਸਾਬਤ ਸੂਰਤ ਸਿੱਖੀ ਸਰੂਪ ਵਿੱਚ ਰਹਿੰਦਿਆਂ ਪਹਿਲਾ ਸਥਾਨ ਹਾਸਲ ਕੀਤੇ ਜਾਣ 'ਤੇ ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਦੇ ਮੁਖੀ ਸਿੰਘ ਸਾਹਿਬ ਜਥੇਦਾਰ ਬਾਬਾ ਬਲਬੀਰ ਸਿੰਘ ਅਕਾਲੀ 96 ਕਰੋੜੀ ਨੇ ਭਾਰਤ ਵਾਸੀਆਂ ਤੇ ਖਾਸਕਰ ਨਾਂਦੇੜ ਦੇ ਲੋਕਾਂ ਨੂੰ ਉਸ ਦੀ ਜਿੱਤ ਦੀ ਵਧਾਈ ਦਿੱਤੀ ਹੈ।

ਕੈਬਨਿਟ ਮੰਤਰੀ ਭੁੱਲਰ ਨੇ ਲੋਕਾਂ ਦੀਆਂ ਮੁਸ਼ਕਲਾਂ ਸੁਣੀਆਂ

ਪੱਟੀ (ਬਲਦੇਵ ਸਿੰਘ ਸੰਧੂ/ਸ਼ਮਸ਼ੇਰ ਸਿੰਘ ਯੋਧਾ)-ਕੈਬਨਿਟ ਮੰਤਰੀ ਲਾਲਜੀਤ ਸਿੰਘ ਭੁੱਲਰ ਵੱਲੋਂ ਮੇਰਾ ਹਲਕਾ ਮੇਰਾ ਪਰਿਵਾਰ ਦੇ ਆਮ ਆਦਮੀ ਪਾਰਟੀ ਦੇ ਮੁੱਖ ਦਫਤਰ ਪੱਟੀ ਵਿਖੇ ਲਗਾਤਾਰ ਲੋਕਾਂ ਦੀਆਂ ਮੁਸ਼ਕਲਾਂ ਸੁਣੀਆਂ ਜਾ ਰਹੀਆਂ ਹਨ। ਇਸ ਮੌਕੇ ਭੁੱਲਰ ਨੇ ਲੋਕਾਂ ਦੀਆ ਮੁਸ਼ਕਲਾਂ ਸੁਣ ਕੇ ਸਬੰਧਿਤ ਅਧਿਕਾਰੀਆਂ ਨਾਲ ਗੱਲਬਾਤ ਕਰਕੇ ਉਨ੍ਹਾਂ ਨੂੰ ਪਹਿਲ ਦੇ ਅਧਾਰ 'ਤੇ ਹੱਲ ਕਰਵਾਇਆ ਜਾ ਰਿਹਾ ਹੈ। ਇਸ ਮੌਕੇ ਦਿਲਬਾਗ ਸਿੰਘ ਚੇਅਰਮੈਨ, ਅਵਤਾਰ ਸਿੰਘ ਢਿੱਲੋਂ ਮੀਡੀਆ ਇੰਚਾਰਜ, ਗੁਰਵਿੰਦਰ ਸਿੰਘ ਬੁਰਜ, ਗੁਰਬਿੰਦਰ ਸਿੰਘ ਕਾਲੇਕੇ, ਗੁਰਪਿੰਦਰ ਸਿੰਘ ਉਪਲ, ਗੁਰਪ੍ਰੀਤ ਸਿੰਘ ਗੋਪੀ ਪਨਗੋਟਾ, ਸਿਕੰਦਰ ਸਿੰਘ ਪ੍ਰਧਾਨ ਟਰੱਕ ਯੂਨੀਅਨ, ਜਗਦੀਪ ਮਹਿਤਾ, ਬਿੱਲਾ ਜ਼ੋਸਨ, ਗੁਰਦਿਆਲ ਮਰਹਾਣਾ, ਜ਼ਸਬੀਰ ਸਿੰਘ ਬੋਪਾਰਾਏ, ਸੋਨੂੰ ਕਿਰਤੋਵਾਲ, ਅਮਨਦੀਪ ਸਿੰਘ ਸ਼ਾਹ ਕੈਰੋਂ, ਅਮ੍ਰਿਤ ਢੋਟੀਆਂ, ਹਰਮਨ ਸਿੰਘ ਨੌਸ਼ਹਿਰਾ ਪੰਨੂੰਆਂ, ਬਲਵਿੰਦਰ ਸਿੰਘ ਭੱਗੂਪੁਰ ਕੋਆਰਡੀਨੇਟਰ ਆਦਿ ਹਾਜ਼ਰ ਸਨ।

ਬਘਿਆੜੀ ਸੂਆ ਪੁਲ ਤੋਂ ਗੁ. ਬਾਬਾ ਬੁੱਢਾ ਜੀ ਬੀੜ ਸਾਹਿਬ ਤੱਕ ਸੜਕ ਬਣਾਉਣ ਦੀ ਮੰਗ

ਝਬਾਲ (ਹਰਜਿੰਦਰ ਸਿੰਘ ਸੋਨੀ)-ਝਬਾਲ ਅਟਾਰੀ ਰੋਡ ਤੋਂ ਪਿੰਡ ਬਘਿਆੜੀ ਸੂਆ ਪੁਲ ਤੋਂ ਗੁਰਦੁਆਰਾ ਬਾਬਾ ਬੁੱਢਾ ਜੀ ਬੀੜ ਸਾਹਿਬ ਤੱਕ ਸੜਕ ਬਣਾਉਣ ਦੀ ਮੰਗ ਕਰਦਿਆਂ ਕਿਸਾਨ ਆਗੂ ਕੈਪਟਨ ਸਿੰਘ ਬਘਿਆੜੀ, ਗੁਰਦਰਸ਼ਨ ਸਿੰਘ ਬਘਿਆੜੀ, ਸਾਬਕਾ ਸਰਪੰਚ ਪਰਮਜੀਤ ਸਿੰਘ ਬਘਿਆੜੀ ਆਦਿ ਨੇ ਕਿਹਾ ਕਿ ਕੁੱਝ ਦਿਨਾਂ ਬਾਅਦ ਹੀ ਬਾਬਾ ਬੁੱਢਾ ਜੀ ਦਾ ਸਲਾਨਾ ਜੋੜ ਮੇਲਾ ਜੋ ਕਿ ਤਿੰਨ ਦਿਨ ਚੱਲਦਾ ਹੈ, ਆ ਰਿਹਾ ਹੈ ਜਿਸ ਵਿੱਚ ਲੱਖਾਂ ਦੀ ਗਿਣਤੀ ਵਿੱਚ ਦੇਸ਼ ਵਿਦੇਸ਼ ਵਿੱਚੋਂ ਸੰਗਤਾਂ ਇੱਥੇ ਨਤਮਸਤਕ ਹੋਣ ਲਈ ਆਉਂਦੀਆਂ ਹਨ ਪਰ ਇਸ ਸੜਕ ਦੇ ਟੁੱਟੇ ਹੋਣ ਕਾਰਨ ਸੰਗਤਾਂ ਨੂੰ ਭਾਰੀ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਅਤੇ ਹੁਣ ਸੜਕ ਬਣਾਉਣ ਲਈ ਸਰਕਾਰ ਵਲੋਂ ਕੰਮ ਆਰੰਭ ਕੀਤਾ ਹੋਇਆ ਸੀ ਪਰ ਕੁੱਝ ਦਿਨਾਂ ਤੋਂ ਉਹ ਕੰਮ ਵੀ ਠੇਕੇਦਾਰ ਵਲੋਂ ਬੰਦ ਕਰ ਦਿੱਤਾ ਗਿਆ ਹੈ। ਉਨ੍ਹਾਂ ਸਰਕਾਰ ਅੱਗੇ ਅਪੀਲ ਕੀਤੀ ਕਿ ਬਾਬਾ ਬੁੱਢਾ ਸਾਹਿਬ ਜੀ ਦੇ ਮੇਲੇ ਨੂੰ ਮੁੱਖ ਰੱਖਦਿਆਂ ਇਸ ਸੜਕ ਦਾ ਨਿਰਮਾਣ ਜਲਦੀ ਕਰਵਾਇਆ ਜਾਵੇ।

ਪਠਾਨਕੋਟ ਕਾਲਜ ਆਫ਼ ਐਜੂਕੇਸ਼ਨ ਪਠਾਨਕੋਟ ਵਿਖੇ ਓਰੀਐਂਟੇਸ਼ਨ ਡੇਅ ਮਨਾਇਆ

ਗੁਰਦਾਸਪੁਰ, (ਜਨਕ ਮਹਾਜਨ)-ਪਠਾਨਕੋਟ ਕਾਲਜ ਆਫ਼ ਐਜੂਕੇਸ਼ਨ ਪਠਾਨਕੋਟ ਵਿਖੇ ਬੀ.ਐੱਡ 2023-25 ਸ਼ੈਸ਼ਨ ਦੇ ਵਿਦਿਆਰਥੀਆਂ ਦਾ ਓਰੀਐਂਟੇਸ਼ਨ ਡੇਅ ਦਾ ਆਯੋਜਨ ਕੀਤਾ ਗਿਆ ਜਿਸ ਦੀ ਪ੍ਰਧਾਨਗੀ ਕਾਲਜ ਪ੍ਰਿੰਸੀਪਲ ਡਾ. ਰੁਪਿੰਦਰ ਕੌਰ ਨੇ ਕੀਤੀ। ਇਸ ਆਯੋਜਨ ਵਿਚ ਸਭ ਤੋਂ ਪਹਿਲਾਂ ਮੈਡਮ ਪ੍ਰਿੰ. ਵਲੋਂ ਨਵੇਂ ਵਿਦਿਆਰਥੀਆਂ ਨੂੰ 'ਜੀ ਆਇਆਂ' ਆਖਿਆ

ਗਿਆ ਅਤੇ ਇਸ ਦੇ ਨਾਲ ਹੀ ਬੱਚਿਆਂ ਦੀ ਅਧਿਆਪਕਾਂ ਨਾਲ ਜਾਣ-ਪਹਿਚਾਣ ਕਰਵਾਈ ਗਈ। ਇਸ ਦੌਰਾਨ ਪ੍ਰਿੰ. ਵਲੋਂ ਬੱਚਿਆਂ ਨੂੰ ਕਾਲਜ ਦੇ ਨਿਯਮਾਂ ਬਾਰੇ ਦੱਸਿਆ ਗਿਆ। ਪ੍ਰਿੰ. ਡਾ. ਰੁਪਿੰਦਰ ਕੌਰ ਨੇ ਬੱਚਿਆਂ ਦੇ ਭਵਿੱਖ ਨੂੰ ਉਜਵਲ ਬਣਾਉਣ ਦਾ ਵਾਅਦਾ ਕੀਤਾ। ਕਾਲਜ ਮੈਨੇਜਮੈਂਟ ਕਮੇਟੀ ਮੈਂਬਰਾਂ ਨੇ ਬੱਚਿਆਂ ਨੂੰ ਨਸ਼ਿਆਂ ਤੋਂ ਦੂਰ ਰਹਿ ਕੇ ਨਿਰੋਏ ਸਮਾਜ ਦੀ ਸਿਰਜਣਾ ਕਰਨ ਲਈ ਪ੍ਰੇਰਿਤ ਕੀਤਾ। ਉਨ੍ਹਾਂ ਪੜ੍ਹਾਈ ਦੇ ਨਾਲ ਨਾਲ ਖੇਡਾਂ ਵੱਲ ਵੀ ਧਿਆਨ ਦੇਣ ਲਈ ਕਿਹਾ ਤਾਂ ਜੋ ਸ਼ਰੀਰ ਸਿਹਤਮੰਦ ਰਹੇ। ਇਸ ਮੌਕੇ ਪ੍ਰੋਫੈਸਰ ਰਵੀਸ਼ੇਕਰ ਵਿਸ਼ੇਸ਼ ਤੌਰ 'ਤੇ ਹਾਜ਼ਰ ਹੋਏ। ਇਸ ਮੌਕੇ ਮੈਡਮ ਊਮਾ ਸ਼ਰਮਾ, ਰਜਨੀਸ਼ ਬਾਲਾ, ਅਨੂ ਸੈਣੀ, ਮੈਡਮ ਨਿਧੀ ਅਤੇ ਅਤੁਲ ਅਗਰਵਾਲ ਆਦਿ ਹਾਜ਼ਰ ਸਨ।

ਮੰਦਿਰ ਸ਼੍ਰੀ ਠਾਕੁਰ ਦਵਾਰਾ ਵਿਖੇ ਜਨਮ ਅਸ਼ਟਮੀ ਮਨਾਈ

ਮਜੀਠਾ (ਸੋਇਮ ਆਨੰਦ)-ਪਿੰਡ ਲੁੱਧੜ, ਨਾਗ, ਡੱਡੀਆਂ, ਕਲੇਰ ਦੀ ਸਾਂਝੀ ਜਗ੍ਹਾ ਮੰਦਿਰ ਸ਼੍ਰੀ ਠਾਕੁਰ ਦਵਾਰਾ ਵਿਖੇ ਜਨਮ ਅਸ਼ਟਮੀ ਦਾ ਦਿਹਾੜਾ ਤੇਜਿੰਦਰ ਸਿੰਘ ਲਾਟੀ ਨੰਬਰਦਾਰ ਵੱਲੋਂ ਸੰਗਤਾ ਦੇ ਸਹਿਯੋਗ ਨਾਲ ਬੜੀ ਸ਼ਰਧਾ ਨਾਲ ਮਨਾਇਆ ਗਿਆ ਜਿਸ 'ਚ ਇਲਾਕੇ ਭਰ ਤੋਂ ਸੰਗਤਾਂ ਸ਼ਾਮਲ ਹੋਈਆਂ। ਹਜ਼ਾਰਾਂ ਸੰਗਤਾਂ ਵੱਲੋਂ ਭਗਵਾਨ ਕ੍ਰਿਸ਼ਨ ਦਾ ਗੁਣਗਾਨ ਕੀਤਾ ਗਿਆ ਅਤੇ ਅਤੁੱਟ ਲੰਗਰ ਭੰਡਾਰਾ ਲਗਾਇਆ ਅਤੇ ਸ਼ਾਮ ਨੂੰ ਕਬੱਡੀ ਦੇ ਮੈਚ ਕਰਵਾਏ ਗਏ ਜਿਸ ਵਿੱਚ ਲੜਕੀਆਂ ਦੇ ਮੈਚ ਵਿੱਚ ਵੇਆਫ ਪੈਨਲਟੀ ਨਿਊਜ਼ੀਲੈਂਡ ਦੀ ਟੀਮ ਜੇਤੂ ਰਹੀ। ਲੜਕੇ ਜੂਨੀਅਰ ਵਰਗ ਵਿੱਚ ਬੁਰਜ ਨੌ ਆਬਾਦ ਅਤੇ ਟਰਪਈ ਦਾ ਸ਼ਾਨਦਾਰ ਮੈਚ ਕਰਵਾਇਆ ਜਿਸ ਵਿੱਚ ਬੁਰਜ ਨੌ ਆਬਾਦ ਦੀ ਟੀਮ ਜੇਤੂ ਰਹੀ। ਇਸੇ ਤਰਾਂ ਸੀਨੀਅਰ ਵਰਗ ਟੀਮ ਵਿੱਚ ਬਾਬਾ ਬੁੱਢਾ ਸਾਹਿਬ ਸਪੋਰਟਸ ਕਲੱਬ ਕੱਥੂਨੰਗਲ ਅਤੇ ਗੁਰਦਾਸਪੁਰ ਦੀ ਕਬੱਡੀ ਟੀਮ ਵਿੱਚ ਕਾਂਟੇ ਦੀ ਟੱਕਰ ਹੋਈ। ਇਸ ਫਸਵੇਂ ਮੈਚ ਵਿੱਚ ਬਾਬਾ ਬੁੱਢਾ ਸਾਹਿ

13-Sep-PAGE-4.qxd 9/12/2023 10:45 PM Page 1

ਨਵਾਂ ਜ਼ਮਾਨਾ
ਬੁੱਧਵਾਰ, 13 ਸਤੰਬਰ 2023

ਮੋਦੀ ਸਰਕਾਰ ਦਾ ਸ਼ਾਹ ਖਰਚ

ਹਾਲ ਹੀ ਵਿਚ ਦਿੱਲੀ 'ਚ ਸੰਪੰਨ ਹੋਏ ਜੀ-20 ਸਿਖਰ ਸੰਮੇਲਨ ਉੱਤੇ ਹੋਏ ਖਰਚ ਦਾ ਮੁੱਦਾ ਕਾਫੀ ਭਖ ਗਿਆ ਹੈ। ਵਿੱਤ ਮੰਤਰੀ ਨਿਰਮਲਾ ਸੀਤਾਰਮਨ ਨੇ ਆਮ ਬਜਟ ਵਿਚ ਇਸ ਲਈ 990 ਕਰੋੜ ਰੁਪਏ ਰੱਖੇ ਸਨ, ਪਰ ਜਾਣਕਾਰੀਆਂ ਹਨ ਕਿ ਖਰਚ ਚਾਰ ਗੁਣਾ ਵੱਧ, ਯਾਨੀ ਕਿ 4100 ਕਰੋੜ ਰੁਪਏ ਹੋਇਆ ਹੈ। ਕੇਂਦਰੀ ਵਿਦੇਸ਼ ਰਾਜ ਮੰਤਰੀ ਮੀਨਾਕਸ਼ੀ ਲੇਖੀ ਵੱਲੋਂ ਲਗਭਗ 4100 ਕਰੋੜ ਰੁਪਏ ਖਰਚ ਦਾ ਅਨੁਮਾਨ ਲਾਉਣ ਤੋਂ ਬਾਅਦ ਹੰਗਾਮਾ ਮਚ ਗਿਆ ਹੈ। ਸਾਰੇ ਵਿਭਾਗਾਂ ਦਾ ਪੂਰਾ ਲੇਖਾ-ਜੋਖਾ ਹੋਣ ਤੋਂ ਬਾਅਦ ਖਰਚ ਦੀ ਰਕਮ ਵਧ ਵੀ ਸਕਦੀ ਹੈ। ਏਨੇ ਖਰਚ ਉੱਤੇ ਆਪੋਜ਼ੀਸ਼ਨ ਪਾਰਟੀਆਂ ਸਵਾਲ ਉਠਾ ਰਹੀਆਂ ਹਨ ਤੇ ਉਹ ਇਸ ਤੋਂ ਪਹਿਲਾਂ ਜੀ-20 ਸਿਖਰ ਸੰਮੇਲਨ ਦੇ ਮੇਜ਼ਬਾਨ ਦੇਸ਼ਾਂ ਵੱਲੋਂ ਕੀਤੇ ਖਰਚੇ ਤੇ ਭਾਰਤ ਵੱਲੋਂ ਕੀਤੇ ਖਰਚੇ ਦੀ ਤੁਲਨਾ ਕਰ ਰਹੀਆਂ ਹਨ।

ਸਿਰਫ 'ਭਾਰਤ ਮੰਡਪਮ' ਦੀ ਲਾਗਤ 2700 ਕਰੋੜ ਰੁਪਏ ਆਈ ਦੱਸੀ ਗਈ ਹੈ। ਇਸ ਤੋਂ ਪਹਿਲਾਂ 2022 ਵਿਚ ਇੰਡੋਨੇਸ਼ੀਆ ਨੇ ਸਿਖਰ ਸੰਮੇਲਨ ਦੀ ਮੇਜ਼ਬਾਨੀ ਕਰਦਿਆਂ 364 ਕਰੋੜ ਰੁਪਏ ਖਰਚੇ ਸਨ। ਜਰਮਨੀ ਨੇ 2017 ਵਿਚ 642 ਕਰੋੜ, ਅਰਜਨਟੀਨਾ ਨੇ 2018 ਵਿਚ 931 ਕਰੋੜ ਤੇ ਰੂਸ ਨੇ 2013 ਵਿਚ 170 ਕਰੋੜ ਰੁਪਏ ਖਰਚੇ ਸਨ। 2019 ਵਿਚ ਜਾਪਾਨ ਨੇ 2600 ਕਰੋੜ ਰੁਪਏ ਨਾਲ ਕੰਮ ਚਲਾਇਆ ਸੀ। ਹਰ ਮੌਕੇ ਨੂੰ ਚੋਣ ਪ੍ਰੋਗਰਾਮ ਵਿਚ ਬਦਲਣ ਦੀ ਮੋਦੀ ਦੀ ਪ੍ਰਵਿਰਤੀ ਦੇਸ਼ ਨੂੰ ਭਾਰੀ ਵਿੱਤੀ ਬੋਝ ਥੱਲੇ ਪਾ ਰਹੀ ਹੈ। ਆਪੋਜ਼ੀਸ਼ਨ ਪਾਰਟੀਆਂ ਨੇ ਇਹ ਸਵਾਲ ਵੀ ਉਠਾਇਆ ਹੈ ਕਿ ਏਨਾ ਖਰਚ ਕਰਨ ਦੇ ਬਾਵਜੂਦ ਮੀਂਹ ਆਉਣ ਕਾਰਨ ਭਾਰਤ ਮੰਡਪਮ' ਦੇ ਅੰਦਰ ਪਾਣੀ ਵੜ ਗਿਆ। ਕਾਂਗਰਸ ਨੇ ਕਿਹਾ ਹੈ ਕਿ ਮੋਦੀ ਸਰਕਾਰ ਨੇ ਮਹਿੰਗਾਈ ਤੋਂ ਰਾਹਤ ਪਹੁੰਚਾਉਣ ਅਤੇ ਮੀਂਹ ਕਾਰਨ ਤਬਾਹ ਹੋਏ ਹਿਮਾਚਲ ਦੀ ਮੁੜ ਉਸਾਰੀ ਲਈ ਪੈਸੇ ਨਹੀਂ ਦਿੱਤੇ, ਪਰ ਆਪਣੀ ਬੱਲੇ-ਬੱਲੇ ਕਰਾਉਣ ਲਈ ਅੰਨ੍ਹੇਵਾਹ ਪੈਸੇ ਖਰਚ ਦਿੱਤੇ। ਕਾਂਗਰਸ ਦੇ ਜਨਰਲ ਸਕੱਤਰ ਕੇ ਸੀ ਵੇਣੂਗੋਪਾਲ ਮੁਤਾਬਕ ਕੋਰੋਨਾ ਮਹਾਂਮਾਰੀ ਤੋਂ ਬਾਅਦ ਦੁਨੀਆ-ਭਰ ਦੀਆਂ ਸਰਕਾਰਾਂ ਨੇ ਖਰਚ ਘਟਾ ਦਿੱਤੇ, ਪਰ ਮੋਦੀ ਆਪਣੀ ਪਬਲੀਸਿਟੀ ਲਈ ਪਾਣੀ ਦੀ ਤਰ੍ਹਾਂ ਪੈਸਾ ਵਹਾਉਣਾ ਜਾਰੀ ਰੱਖੇ ਹੋਏ ਹਨ। ਜਿਹੜੀ ਸਰਕਾਰ ਨੇ ਪੈਟਰੋਲ/ਡੀਜ਼ਲ ਦੇ ਰੇਟਾਂ ਵਿਚ ਰਾਹਤ ਨਹੀਂ ਦਿੱਤੀ, ਫਸਲਾਂ ਬਰਬਾਦ ਹੋਣ 'ਤੇ ਕਿਸਾਨਾਂ ਨੂੰ ਮੁਆਵਜ਼ਾ ਨਹੀਂ ਦਿੱਤਾ, ਮੀਂਹਾਂ ਕਾਰਨ ਹੋਏ ਨੁਕਸਾਨ ਨੂੰ ਘੱਟ ਕਰਨ ਲਈ ਪੈਸੇ ਨਹੀਂ ਦਿੱਤੇ, ਉਸ ਨੇ ਆਪਣਾ ਅਕਸ ਸੁਧਾਰਨ ਲਈ ਸਿਖਰ ਸੰਮੇਲਨ ਦੇ ਬਜਟ ਨਾਲੋਂ ਕਿਤੇ ਵੱਧ ਪੈਸੇ ਖਰਚ ਕਰ ਦਿੱਤੇ। ਕਾਂਗਰਸ ਪ੍ਰਧਾਨ ਮਲਿਕਾਰਜੁਨ ਖੜਗੇ ਨੇ ਕਿਹਾ ਹੈ ਕਿ ਅਗਸਤ ਵਿਚ ਆਮ ਖਾਣੇ ਦੀ ਥਾਲੀ ਦਾ ਰੇਟ 24 ਫੀਸਦੀ ਵਧ ਗਿਆ ਤੇ ਦੇਸ਼ ਵਿਚ ਬੇਰੁਜ਼ਗਾਰੀ ਦੀ ਦਰ 8 ਫੀਸਦੀ ਹੈ। ਜੀ-20 ਸਿਖਰ ਸੰਮੇਲਨ ਤੋਂ ਬਾਅਦ ਮੋਦੀ ਨੂੰ ਹੁਣ ਇਸ ਪਾਸੇ ਵੀ ਦੇਖਣਾ ਚਾਹੀਦਾ ਹੈ। ਖੜਗੇ ਨੇ ਆਪਣੇ ਆਪ ਨੂੰ ਬੇਦਾਗ ਕਹਾਉਣ ਵਾਲੀ ਮੋਦੀ ਸਰਕਾਰ ਦਾ ਧਿਆਨ ਜੰਮੂ-ਕਸ਼ਮੀਰ ਦੇ 13000 ਕਰੋੜ ਰੁਪਏ ਦੇ ਜਲ ਜੀਵਨ ਘੁਟਾਲੇ ਵੱਲ ਦਿਵਾਉਂਦਿਆਂ ਕਿਹਾ ਹੈ ਕਿ ਇਸ ਵਿਚ ਇਕ ਦਲਿਤ ਆਈ ਏ ਐੱਸ ਅਫਸਰ ਨੂੰ ਇਸ ਕਰਕੇ ਪ੍ਰੇਸ਼ਾਨ ਕੀਤਾ ਗਿਆ, ਕਿਉਂਕਿ ਉਸ ਨੇ ਭ੍ਰਿਸ਼ਟਾਚਾਰ ਨੂੰ ਉਜਾਗਰ ਕੀਤਾ। ਸਮਾਜਵਾਦੀ ਪਾਰਟੀ ਦੇ ਪ੍ਰਧਾਨ ਅਖਿਲੇਸ਼ ਯਾਦਵ ਨੇ ਕਿਹਾ ਕਿ ਜੀ-20 ਸਿਖਰ ਸੰਮੇਲਨ ਦੌਰਾਨ ਵਿਦੇਸ਼ੀ ਮਹਿਮਾਨਾਂ ਨੂੰ ਸੋਨੇ ਦੀ ਥਾਲੀ ਵਿਚ ਛਪੰਜਾ ਭੋਗ ਪਰੋਸੇ ਗਏ ਅਤੇ ਦੇਸ਼ ਦੇ ਕਰੋੜਾਂ ਲੋਕ ਪੰਜ ਕਿੱਲੋ ਅਨਾਜ ਭਰੋਸੇ ਹਨ। ਭਾਜਪਾ ਵੱਲੋਂ ਦਿਖਾਏ ਸੁਨਹਿਰੀ ਸੁਫਨੇ ਦੀ ਨੀਂਦ ਤੋਂ ਲੋਕ ਜਾਗ ਗਏ ਹਨ, ਉਂਜ ਵੀ ਭੁੱਖੀ ਅੱਖ ਨੂੰ ਸੁਨਹਿਰੇ ਸੁਫਨੇ ਨਹੀਂ ਆ ਸਕਦੇ।

ਕਾਰਪੋਰੇਟ ਘਰਾਣਿਆਂ ਦੀ ਬਾਂਦੀ ਮੋਦੀ ਸਰਕਾਰ ਨੂੰ ਹਰਾਉਣਾ ਜ਼ਰੂਰੀ ਕਿਉਂ ?

ਪਿਛਲੇ 9 ਤੋਂ ਵੱਧ ਸਾਲਾਂ ਦੌਰਾਨ ਆਪਣੀਆਂ ਧਨ-ਕੁਬੇਰ ਪੂੰਜੀਪਤੀ ਘਰਾਣਿਆਂ ਪ੍ਰਤੀ ਲਿਹਾਜ਼ੂ ਅਤੇ ਮਦਦਗਾਰ ਨੀਤੀਆਂ ਸਦਕਾ ਅਤੇ ਮਿਹਨਤਕਸ਼ ਅਵਾਮ ਦੇ ਹਰ ਵਰਗ ਵਿਰੁੱਧ ਲਾਗੂ ਕੀਤੀਆਂ ਲੋਕ ਮਾਰੂ ਨੀਤੀਆਂ ਸਦਕਾ ਹੁਣ ਜਦੋਂ 2024 ਦੀਆਂ ਕੌਮੀ ਚੋਣਾਂ ਵਿੱਚ ਲੋਕਾਂ ਦੇ ਮੂਡ ਵਿੱਚ ਆਈ ਤਬਦੀਲੀ ਨੂੰ ਭਾਂਪਦਿਆਂ ਜਿੱਤਣਾ ਔਖਾ ਲਗ ਰਿਹਾ ਹੈ ਤਾਂ ਮੋਦੀ ਸਾਹਿਬ ਤੇ ਹੋਰ ਭਾਜਪਾ ਆਗੂ ਧਰਮ, ਜਾਤੀ, ਰਾਸ਼ਟਰਵਾਦ, ਫਿਰਕਾਪ੍ਰਸਤੀ ਤੇ ਫਾਸ਼ੀਵਾਦੀ ਫੁੱਟ ਪਾਊ ਪ੍ਰਚਾਰ-ਪ੍ਰਸਾਰ ਵਿੱਚ ਉਚ ਅਹੁਦਿਆਂ ਦਾ ਲਿਹਾਜ ਕੀਤੇ ਬਿਨਾਂ ਹਰ ਹੀਲਾ ਵਰਤਿਆ ਜਾ ਰਿਹਾ ਹੈ। ਮਕਸਦ ਇੱਕੋ ਕਿ ਜਿਵੇਂ ਵੀ ਹੋ ਸਕੇ ਚੋਣਾਂ ਜਿੱਤ ਕੇ ਆਪਣੀ ਹਊਮੈਂ ਅਤੇ ਹੰਕਾਰ ਨਾਲ ਅੱਗੋਂ ਵੀ ਧਨ ਕੁਬੇਰਾਂ ਦੀਆਂ ਝੋਲੀਆਂ ਭਰੀਆਂ ਜਾਣ। ਇਸੇ ਮਕਸਦ ਲਈ ਆਪਣਾ ਭ੍ਰਿਸ਼ਟਾਚਾਰ ਛੁਪਾ ਕੇ ਵਿਰੋਧੀਆਂ 'ਤੇ ਤਾਬੜਤੋੜ ਹਮਲੇ ਕੀਤੇ ਜਾ ਰਹੇ ਹਨ ਅਤੇ ਈ ਡੀ ਤੇ ਸੀ ਬੀ ਆਈ ਇਥੋਂ ਤੱਕ ਅਦਾਲਤਾਂ ਦਾ ਵੀ ਸਹਾਰਾ ਲਿਆ ਜਾ ਰਿਹਾ ਹੈ। ਜਾਪਦਾ ਹੈ ਕਿ 2004 ਦੀ ਵਾਜਪਾਈ ਸਰਕਾਰ ਦੇ 'ਸਾਈਨਿੰਗ ਇੰਡੀਆ' ਦੇ ਨਾਅਰੇ ਦੇ ਹਸ਼ਰ ਤੋਂ ਵੀ ਕੁਝ ਨਹੀਂ ਸਿੱਖਿਆ ਜਾ ਰਿਹਾ। ਨਾਲ ਹੀ ਵਿਰੋਧੀਆਂ ਵਿਰੁੱਧ ਹਰ ਹਰਬਾ ਵਰਤ ਕੇ ਬੇਸਿਰ ਪੈਰ ਤੋਹਮਤਾਂ ਕਈ ਵਾਰ ਤਾਂ ਗਾਲਾਂ ਤੱਕ ਵੀ ਪਰੋਸੀਆਂ ਜਾ ਰਹੀਆਂ ਹਨ। ਕਿਉਂਕਿ ਲੋਕਾਂ ਨੇ ਜੋ ਦੁੱਖ ਹੰਢਾਏ ਹਨ, ਉਹ ਹੁਣ ਲਫ਼ਜ਼ੀ ਜ਼ੁਮਲਿਆਂ, ਫਿਰਕੂ ਨਾਅਰਿਆਂ ਤੇ ਛਲਾਵਿਆਂ ਤੋਂ ਕਾਫ਼ੀ ਚੇਤੰਨ ਹੋ ਗਏ ਹਨ। ਆਓ ਕੁਝ ਕੁ ਨੁਕਤਿਆਂ 'ਤੇ ਵਿਸਤਰਿਤ ਝਾਤ ਪਾਈਏ:

*** ਲੋਕਾਂ ਦੀਆਂ ਜੇਬਾਂ ਕੱਟ ਕੇ ਭਰੇ ਖ਼ਜ਼ਾਨੇ ਦੀ ਵਿਦੇਸ਼ੀ ਯਾਤਰਾਵਾਂ ਲਈ ਦੁਰਵਰਤੋਂ** : ਮੋਦੀ ਨੇ ਰਾਜ-ਭਾਗ ਸੰਭਾਲਣ ਤੋਂ ਬਾਅਦ ਦੁਨੀਆਂ ਦੇ ਯੂ ਐੱਨ ਓ ਦੇ 192 ਮੈਂਬਰ ਦੇਸ਼ਾਂ ਵਿੱਚੋਂ 100 ਦੇਸ਼ਾਂ ਦੇ ਦੌਰੇ ਕੀਤੇ। ਇਨ੍ਹਾਂ ਸਾਰਿਆਂ ਦੌਰਿਆਂ 'ਤੇ ਅਰਬਾਂ ਰੁਪਏ ਖਰਚ ਕਰ ਦਿੱਤੇ। ਪ੍ਰਚਾਰਿਆ-ਪ੍ਰਸਾਰਿਆ ਇਹ ਗਿਆ ਕਿ ਵਿਦੇਸ਼ੀ ਪੂੰਜੀਪਤੀ ਦੇਸ਼ ਵਿੱਚ ਆ ਕੇ ਪੂੰਜੀ ਨਿਵੇਸ਼ ਕਰਨਗੇ ਪਰ ਨਤੀਜੇ ਨਿਰਾਸ਼ਾਜਨਕ ਨਿਕਲੇ, ਕਿਉਂਕਿ ਵਿਦੇਸ਼ੀ ਵਪਾਰ ਵਿੱਚ ਦਰਾਮਦਾਂ ਵਧੀਆਂ ਤੇ ਬਰਾਮਦਾਂ ਘਟੀਆਂ। ਨਤੀਜਤਨ ਵਿਦੇਸ਼ੀ ਕਰੰਸੀ ਭੰਡਾਰਾਂ ਵਿੱਚ ਕਮੀ ਆਈ।

ਸੀ ਪੀ ਆਈ ਦੇ ਸਾਂਸਦ ਬਿਨੋਏ ਵਿਸ਼ਵਮ ਨੇ ਵਿਦੇਸ਼ੀ ਯਾਤਰਾਵਾਂ ਤੇ ਆਏ ਖ਼ਰਚ ਬਾਰੇ ਸੰਸਦ ਵਿੱਚ ਪ੍ਰਸ਼ਨ ਕਰਕੇ ਜਾਣਕਾਰੀ ਮੰਗੀ ਤਾਂ ਇਹ ਕਹਿ ਕੇ ਜਾਣਕਾਰੀ ਦੇਣ ਤੋਂ ਇਨਕਾਰ ਕਰ ਦਿੱਤਾ ਕਿ ਹੁਣ ਅਜਲਾਸ ਖ਼ਤਮ ਹੋਣ ਵਾਲਾ ਹੈ।

*** ਮੋਦੀ ਦੇ ਨਿੱਜੀ ਬਿੰਬ ਨੂੰ ਸ਼ਿਗਾਰਨ ਲਈ ਸਰਕਾਰੀ ਖ਼ਜ਼ਾਨੇ ਦੀ ਦੁਰਵਰਤੋਂ** : ਹੈਰਾਨੀ ਦੀ ਗੱਲ ਹੈ ਕਿ ਮੋਦੀ ਦੇ ਨਿੱਜੀ ਬਿੰਬ (ਵਿਅਕਤੀਤਵ) ਨੂੰ ਸ਼ਿਗਾਰਨ ਲਈ ਸਰਕਾਰੀ ਖ਼ਜ਼ਾਨੇ ਵਿੱਚੋਂ ਅਰਬਾਂ ਰੁਪਏ ਖ਼ਰਚੇ ਗਏ। ਇਹ ਅਮੀਰ ਭਾਰਤ ਦੇ ਗਰੀਬ ਲੋਕਾਂ ਦੀ ਖਿੱਲੀ ਉਡਾਉਣ ਵਰਗੀ ਗਲ ਹੈ। ਜਿਸ ਦੇਸ਼ ਵਿੱਚ ਕਰੋੜਾਂ ਲੋਕ ਸਾਫ਼ ਪਾਣੀ ਨੂੰ ਤਰਸਦੇ ਹੋਣ, ਭੁੱਖਮਰੀ ਤੇ ਕੁਪੋਸ਼ਣ ਨਾਲ ਮਰ ਰਹੇ ਹੋਣ, ਇਲਾਜ ਲਈ ਸਿਸਕਦੇ ਹੋਣ, ਉਸ ਦੇਸ਼ ਦਾ ਪ੍ਰਧਾਨ ਮੰਤਰੀ ਆਪਣੀ ਹੀ ਸ਼ਖਸੀਅਤ ਦੇ ਪ੍ਰਚਾਰ-ਪ੍ਰਸਾਰ ਲਈ ਅਰਬਾਂ ਰੁਪਏ ਬੇਰਹਿਮੀ ਨਾਲ ਸਰਕਾਰੀ ਖ਼ਜ਼ਾਨੇ ਵਿੱਚੋਂ ਖ਼ਰਚ ਕਰੇ। ਇਸ ਵਕਤ ਸਮੁੱਚਾ ਅੰਕੜਾ ਤਾਂ ਉਪਲੱਬਧ ਨਹੀਂ, ਪਰ 1 ਜੂਨ 2014 ਤੋਂ ਅਗਸਤ 2016 ਤੱਕ ਸੂਚਨਾ ਅਧਿਕਾਰ ਕਾਨੂੰਨ 2005 ਰਾਹੀਂ ਪ੍ਰਾਪਤ ਜਾਣਕਾਰੀ ਤੋਂ ਪਤਾ ਲਗਿਆ ਕਿ ਇਸ ਮਕਸਦ ਲਈ 11 ਅਰਬ ਤੱਕ ਰੁਪਿਆ ਖ਼ਜ਼ਾਨੇ ਵਿੱਚੋਂ ਰੋੜ੍ਹ ਦਿੱਤਾ ਗਿਆ। ਅਗਰ 2014 ਤੋਂ 2023-24 ਤੱਕ ਦਾ ਅੰਕੜਾ ਲਿਆ ਜਾਏ ਤਾਂ ਇਹ ਹੋਰ ਵੀ ਕਈ ਅਰਬ ਬਣੇਗਾ।

* ਮੋਦੀ ਦੇ ਪ੍ਰਚਾਰ-ਪ੍ਰਸਾਰ 'ਚ ਲਗੀਆਂ ਕੰਪਨੀਆਂ ਕੋਈ ਅਜਿਹਾ ਖੇਤਰ ਅਤੇ ਕੋਈ ਖਿੱਤਾ ਨਹੀਂ ਛੱਡ ਰਹੀਆਂ ਜਦੋਂ ਤੇ ਜਿਥੇ ਮੋਦੀ ਨੂੰ ਅਜਿਹਾ ਬਣਾ ਕੇ ਪੇਸ਼ ਨਾ ਕੀਤਾ ਜਾਏ ਅਤੇ ਇੱਕ ਆਦਰਸ਼ ਵਿਅਕਤੀਤਵ ਦਾ ਬਿੰਬ ਨਾ ਉਸਾਰਿਆ ਜਾਏ।

ਮਹਿੰਗਾ ਰਾਮ, ਐੱਮ ਏ

ਇੱਕ ਤਾਂ ਮੋਦੀ ਨਵੀਂ ਤੇ ਨਵੀਂ ਜ਼ੁਮਲੇਬਾਜ਼ੀ ਕਰਕੇ ਅਤੇ ਦੂਜਾ ਪੁਰਾਣੀਆਂ ਚਲੀਆਂ ਆ ਰਹੀਆਂ ਸਕੀਮਾਂ, ਨਾਂਵਾਂ ਨੂੰ ਬਦਲ ਕੇ ਪੁਰਾਣੀਆਂ ਸੰਸਥਾਵਾਂ ਨੂੰ ਨਵੇਂ ਨਾਅਰੇ ਜਾਂ ਨਾਮਕਰਣ ਕਰਕੇ ਝੂਠੇ ਵਿਕਾਸ ਪੁਰਸ਼ ਹੋਣ ਦਾ ਝੂਠਾ ਗੁਬਾਰਾ ਫੁਲਾਉਂਦਾ ਹੈ। ਇਸ ਪਿੱਛੇ ਉਨ੍ਹਾਂ ਪ੍ਰਚਾਰ-ਪ੍ਰਸਾਰ ਕੰਪਨੀਆਂ ਦਾ ਹੀ ਹੱਥ ਹੁੰਦਾ ਹੈ। ਅਜਿਹਾ ਸੰਕਟ ਗ੍ਰਸਤ ਪੂੰਜੀਵਾਦ ਨੂੰ ਬਚਾਉਣ ਲਈ ਮੋਦੀ ਨੂੰ ਮਹਾਂ ਵਿਕਾਸ ਪੁਰਸ਼ ਬਣਾ ਕੇ ਪੇਸ਼ ਕਰਨਾ ਕਾਰਪੋਰੇਟੀ ਪੂਜੀ ਤੇ ਧਨ-ਕੁਬੇਰਾਂ ਦੀ ਆਪਣੀ ਲੋੜ ਹੈ, ਤਾਂ ਕਿ ਉਨ੍ਹਾਂ ਦੇ ਹਿੱਤਾਂ ਦੀ ਰਾਖੀ ਹੁੰਦੀ ਰਹੇ। ਅਨੁਮਾਨ ਹੈ ਕਿ 5 ਸਾਲਾਂ ਵਿੱਚ ਇਸ ਝੂਠੇ ਪ੍ਰਚਾਰ-ਪ੍ਰਸਾਰ ਲਈ ਸਰਕਾਰੀ ਖ਼ਜ਼ਾਨੇ ਵਿੱਚੋਂ 3000 ਕਰੋੜ ਤੋਂ ਵੱਧ ਖਰਚਿਆ ਜਾ ਚੁੱਕਾ ਹੋਵੇਗਾ।

*** ਕੇਂਦਰੀਕ੍ਰਿਤ ਟੈਕਸ ਪ੍ਰਣਾਲੀ ਦੀ ਅਸਲੀਅਤ/ਜੀ ਐੱਸ ਟੀ** : ਅੰਤਰ-ਰਾਸ਼ਟਰੀ ਸੰਸਥਾ ਆਕਸਫੈਮ ਦੀ ਜਨਵਰੀ 2023 ਦੀ ਰਿਪੋਰਟ ਅਨੁਸਾਰ ਭਾਰਤ ਦੀ 40 ਪ੍ਰਤੀਸ਼ਤ ਜਾਇਦਾਦ 'ਤੇ 1% ਧਨ ਕੁਬੇਰਾਂ ਦਾ ਕਬਜ਼ਾ ਹੈ, ਪਰ ਸਭ ਤੋਂ ਹੇਠਲੀ 50 ਪ੍ਰਤੀਸ਼ਤ ਅਵਾਦੀ ਕੋਲ ਕੇਵਲ 3 ਪ੍ਰਤੀਸ਼ਤ ਜਾਇਦਾਦਾਂ ਹਨ। ਟੈਕਸ ਰੂਲ ਇਸ ਤਰ੍ਹਾਂ ਹੀ ਕਾਰਪੋਰੇਟਾਂ ਵੱਲੋਂ ਘੜੇ-ਘੜਾਏ ਜਾਂਦੇ ਹਨ। 2021 ਦੀ ਇਸੇ ਦੀ ਰਿਪੋਰਟ ਅਨੁਸਾਰ ਜੀ ਐੱਸ ਟੀ 14.83 ਲੱਖ ਕਰੋੜ ਬਣੀ ਸੀ। ਇਸ ਵਿੱਚ 64% ਹਿੱਸਾ ਹੇਠਲੀ 50% ਅਬਾਦੀ ਨੇ ਹੀ ਪਾਇਆ, ਉਪਰਲੇ 10% ਅਮੀਰਾਂ ਨੇ ਕੇਵਲ 3% ਹਿੱਸਾ ਹੀ ਪਾਇਆ। ਪਰ ਮਿਡਲ ਕਲਾਸ ਨੇ 33% ਹਿੱਸਾ ਪਾਇਆ। ਇਸ ਤਰ੍ਹਾਂ ਜੀ ਐੱਸ ਟੀ ਵਿੱਚ 64+33=97% ਹੇਠਲੇ ਗਰੀਬ ਤੇ ਦਰਮਿਆਨੇ ਲੋਕਾਂ ਨੇ ਪਾਇਆ, ਪਰ ਸਿਖਰਲੇ ਅਮੀਰ ਪੂੰਜੀਪਤੀ ਵਰਗ ਨੇ ਜੋ ਕੁਲ ਅਬਾਦੀ ਦਾ 10% ਬਣਦੇ ਹਨ, ਨੇ ਕੇਵਲ 3% ਹਿੱਸਾ ਹੀ ਜੀ ਐੱਸ ਟੀ ਵਿੱਚ ਪਾਇਆ, ਪਰ ਮੋਦੀ ਸਰਕਾਰ ਨੇ ਇਨ੍ਹਾਂ 10% ਲੋਕਾਂ ਦਾ ਟੈਕਸ 30% ਤੋਂ ਘਟਾ ਕੇ 22% ਕਰ ਦਿੱਤਾ, ਲੱਗਭੱਗ 11 ਅਰਬ ਰੁਪਏ ਬੈਂਕਾਂ ਤੋਂ ਲਏ ਕਰਜ਼ ਮੁਆਫ਼ ਕਰ ਦਿੱਤੇ ਤੇ ਹੋਰ ਅਨੇਕਾਂ ਰਿਆਇਤਾਂ ਤੇ ਸਬਸਿਡੀਆਂ ਵੀ ਇਨ੍ਹਾਂ ਨੂੰ ਹੀ ਦਿੱਤੀਆਂ ਜਦੋਂ ਕਿ 97% ਟੈਕਸ ਦੇਣ ਵਾਲੇ ਆਮ ਲੋਕਾਂ ਨੂੰ ਗੈਸ ਸਿਲੰਡਰ 'ਤੇ ਮਿਲਦੀ ਸਬਸਿਡੀ ਵੀ ਲੱਗਭੱਗ ਖਤਮ ਕਰ ਦਿੱਤੀ।

ਅਸਹਿਣਸ਼ੀਲਤਾ ਦੀ ਹੱਦ : ਮਹਾਰਾਸ਼ਟਰ ਦੇ ਬੁੱਧੀਜੀਵੀ ਕਮਿਊਨਿਸਟ ਆਗੂ ਗੋਬਿੰਦ ਪਨਸਾਰੇ, ਕਰਨਾਟਕਾ ਦੀ ਦਲੇਰ ਪੱਤਰਕਾਰ ਤੇ ਲੇਖਕ ਗੌਰੀ ਲੰਕੇਸ਼, ਨਰਿੰਦਰ ਦਭੋਲਕਰ ਦੀਆਂ ਹੱਤਿਆਵਾਂ ਕਰਵਾ ਦਿੱਤੀਆਂ ਗਈਆਂ, ਕਿਉਂਕਿ ਉਹ ਰੂੜੀਵਾਦੀ ਨੀਤੀਆਂ ਦਾ ਵਿਰੋਧ ਕਰਦੇ ਸਨ ਤੇ ਸੱਚ ਤੋਂ ਜਾਣੂ ਕਰਾਂਦੇ ਸਨ, ਪਰ ਮੌਜੂਦਾ ਹਾਕਮਾਂ ਨੂੰ ਉਹ ਰੁਕਾਵਟ ਜਾਪਦੇ ਸਨ। ਆਪਣੇ ਝੂਠ ਦੇ ਪਾਸਾਰ ਲਈ, ਕਿਉਂਕਿ ਉਹ ਸੰਵਿਧਾਨ ਵਿੱਚ ਦਰਜ ਵਿਗਿਆਨਿਕ ਚੇਤਨਾ ਦਾ ਪ੍ਰਚਾਰ ਕਰਦੇ ਸਨ ਤੇ ਕਾਰਪੋਰੇਟ ਭਗਤੀ ਅਤੇ ਲੋਕ ਵਿਰੋਧੀ ਨੀਤੀਆਂ ਦਾ ਪਰਦਾਫਾਸ਼ ਕਰਦੇ ਸਨ। ਵੋਟਾਂ ਦੀ ਖਾਤਰ ਧਾਰਮਿਕ ਤੇ ਜਾਤੀਗਤ ਪਾੜਾ ਉਲਾਰ ਪੱਧਰ ਤੱਕ ਲੈ ਕੇ ਜਾਣਾ ਅਤੇ ਬਹੁਗਿਣਤੀ ਭਾਈਚਾਰੇ ਨੂੰ ਹੋਰ ਮਸਲੇ ਭੁਲਾ ਕੇ ਇਸੇ ਰੰਗ ਵਿੱਚ ਰੰਗ ਕੇ ਉਲਾਰ ਹੱਦ ਤੱਕ ਲੈ ਕੇ ਜਾਣਾ ਤਾਂ ਕਿ ਵੋਟਾਂ ਦਾ ਵੱਧ ਚੋਗਾ ਪੈ ਜਾਏ, ਇਹ ਮੌਜੂਦਾ ਹਾਕਮਾਂ ਦਾ ਏਜੰਡਾ ਹੈ ਤੇ ਇਸ ਦੀਆਂ ਤਾਜ਼ਾ ਉਦਾਹਰਣਾਂ ਮਨੀਪੁਰ ਤੇ ਹਰਿਆਣਾ ਦੇ ਨੂਹ/ਪਾਨੀਪਤ ਵਿੱਚ ਦੇਖਣ ਨੂੰ ਮਿਲ ਰਹੀਆਂ ਹਨ।

ਵੱਡੇ-ਵੱਡੇ ਨਾਅਰਿਆਂ ਦਾ ਹਸ਼ਰ : ਮੋਦੀ ਸਾਹਬ ਨੇ ਪੁਰਾਣੀਆਂ ਸਕੀਮਾਂ ਦੇ ਨਵੇਂ ਨਾਂਅ ਰੱਖ ਕੇ ਅਨੇਕਾਂ ਨਵੇਂ ਨਾਅਰੇ ਦਿੱਤੇ। ਜਿਵੇਂ 'ਸਵੱਛ ਭਾਰਤ ਅਭਿਆਨ', 'ਬੇਟੀ ਬਚਾਓ, ਬੇਟੀ ਪੜ੍ਹਾਉ', 'ਸਮਾਰਟ ਸਿਟੀਜ਼', 'ਡਿਜੀਟਲ ਆਦਾਨ ਪ੍ਰਦਾਨ', 'ਆਯੂਸ਼ਮਾਨ ਭਾਰਤ ਸਕੀਮ ਆਦਿ। ਪਰ 'ਬੇਟੀ ਬਚਾਉ ਬੇਟੀ ਪੜ੍ਹਾਓ' ਸਕੀਮ ਦੇ ਪ੍ਰਚਾਰ 'ਤੇ ਹੀ ਸਕੀਮ ਬੱਜਟ ਦੇ 644 ਕਰੋੜ 56% ਕੇਵਲ ਪ੍ਰਚਾਰ 'ਤੇ ਹੀ ਖ਼ਰਚ ਕਰ ਦਿੱਤੇ। ਅਮਲ ਵਿੱਚ ਕਿਸੇ ਦੇ ਕੋਈ ਪੱਲੇ ਨਹੀਂ ਪਿਆ ਸਗੋਂ ਉਲਟਾ ਬੇਟੀਆਂ ਦੀ ਦੁਰਗਤ ਮਨੀਪੁਰ ਵਿੱਚ ਸਿਖ਼ਰਾਂ ਛੂਹ ਗਈ। ਇਸ ਸਕੀਮ ਦਾ ਨਾਂਅ ਲੈ ਕੇ ਕਈ ਸ਼ਰਾਰਤੀ ਗੈਂਗ ਬਣਾ ਕੇ ਲੋਕਾਂ ਤੋਂ ਪੈਸੇ ਵੀ ਪ੍ਰਸ਼ਾਸਨ ਦੇ ਸਾਹਮਣੇ ਬਟੋਰਦੇ ਰਹੇ। ਹਾਲਾਂਕਿ ਦੋ ਲੱਖ ਜਮ੍ਹਾਂ ਕਰਾਉਣ ਵਾਲੀ ਕੋਈ ਯੋਜਨਾ ਹੀ ਨਹੀਂ ਹੈ। 100 ਸਮਾਰਟ ਸਿਟੀ ਬਣਾਉਣ ਦਾ ਬੇਹੱਦ ਪ੍ਰਚਾਰ ਹੁੰਦਾ ਹੈ, ਪਰ ਇੱਕ ਵੀ ਨਹੀਂ ਬਣਿਆ। ਨਾ ਹੀ ਮੁੰਬਈ ਤੋਂ ਅਹਿਮਦਾਬਾਦ ਵਾਲੀ ਟਰੇਨ ਦਾ ਕੋਈ ਸਟੇਸ਼ਨ ਨਜ਼ਰ ਆਉਂਦਾ ਹੈ।

*** ਕਿਰਤ ਕਾਨੂੰਨਾਂ ਵਿੱਚ ਕਾਰਪੋਰੇਟਾਂ ਪੱਖੀ ਮਜ਼ਦੂਰ ਵਿਰੋਧੀ ਸੋਧਾਂ** : ਅੰਤ

13-SEP-PAGE-5.qxd 9/12/2023 10:57 PM Page 1

ਮਿੱਡ ਡੇ ਮੀਲ ਵਰਕਰ ਨੂੰ ਹਟਾਉਣ ਖਿਲਾਫ ਜ਼ਿਲ੍ਹਾ ਸਿੱਖਿਆ ਦਫਤਰ ਵਿਖੇ ਰੋਸ ਪ੍ਰਦਰਸ਼ਨ

ਬਿਨਾਂ ਕਾਰਨ ਕਿਸੇ ਵਰਕਰ ਨੂੰ ਕੱਢਣ ਨਹੀਂ ਦਿੱਤਾ ਜਾਵੇਗਾ : ਯੂਨੀਅਨ ਆਗੂ

ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)-ਮਿੱਡ ਡੇ ਮੀਲ ਵਰਕਰਜ਼ ਯੂਨੀਅਨ ਪੰਜਾਬ ਜ਼ਿਲ੍ਹਾ ਇਕਾਈ ਸ੍ਰੀ ਮੁਕਤਸਰ ਸਾਹਿਬ ਵੱਲੋਂ ਸਰਕਾਰੀ ਪ੍ਰਾਇਮਰੀ ਸਕੂਲ ਵੰਗਲ ਦੀ ਮਿੱਡ ਡੇ ਮੀਲ ਵਰਕਰ ਨੂੰ ਜਬਰੀ ਹਟਾਏ ਜਾਣ ਖਿਲਾਫ ਜ਼ਿਲ੍ਹਾ ਸਿੱਖਿਆ ਦਫਤਰ ਵਿਖੇ ਵੱਡੀ ਗਿਣਤੀ ਵਿੱਚ ਇਕੱਤਰ ਹੋਣ ਉਪਰੰਤ ਜ਼ੋਰਦਾਰ ਰੋਸ ਪ੍ਰਦਰਸ਼ਨ ਕੀਤਾ। ਇਸ ਮੌਕੇ ਜ਼ਿਲ੍ਹਾ ਪ੍ਰਧਾਨ ਰਮਨਜੀਤ ਕੌਰ ਤੇ ਜਨਰਲ ਸਕੱਤਰ ਰਾਜਵਿੰਦਰ ਕੌਰ ਨੇ ਦੱਸਿਆ ਕਿ ਸਰਕਾਰੀ ਪ੍ਰਾਇਮਰੀ ਸਕੂਲ ਵੰਗਲ ਵਿਖੇ ਕੰਮ ਕਰਦੀ ਮਿੱਡ ਡੇ ਮੀਲ ਨੂੰ ਬਿਨਾਂ ਨਿਯਮਾਂ ਦੀ ਪਾਲਣਾ ਕੀਤਿਆਂ ਜਬਰੀ ਹਟਾਇਆ ਗਿਆ ਹੈ। ਇਸ ਖਿਲਾਫ ਜਥੇਬੰਦੀ ਵੱਲੋਂ ਪਹਿਲਾਂ ਸਕੂਲ ਨਾਲ ਤੇ ਫਿਰ ਜ਼ਿਲ੍ਹਾ ਸਿੱਖਿਆ ਅਫਸਰ (ਪ੍ਰਾ) ਸ੍ਰੀ ਮੁਕਤਸਰ ਸਾਹਿਬ ਨਾਲ ਰਾਬਤਾ ਕਰਕੇ ਮਸਲਾ ਹੱਲ ਕਰਾਉਣ ਦੀ ਕੋਸ਼ਿਸ਼ ਕੀਤੀ ਗਈ ਹੈ, ਪਰ ਇਸ ਵਿੱਚ ਮਿੱਡ ਡੇ ਮੀਲ ਵਰਕਰ ਨੂੰ ਹਾਲੇ ਤੱਕ ਕੋਈ ਨਿਆਂ ਨਹੀਂ ਮਿਲਿਆ ਹੈ। ਇਸ ਖਿਲਾਫ ਜ਼ਿਲ੍ਹੇ ਭਰ ਦੇ ਰੋਸ ਵਿੱਚ ਆਏ ਮਿੱਡ ਡੇ ਮੀਲ ਵਰਕਰਾਂ ਵੱਲੋਂ ਦਫਤਰ ਜ਼ਿਲ੍ਹਾ ਸਿੱਖਿਆ ਅਫਸਰ ਵਿਖੇ ਇਕੱਠੇ ਹੋ ਕੇ ਰੋਸ ਪ੍ਰਦਰਸ਼ਨ ਕੀਤਾ। ਇਸ ਮੌਕੇ ਵਿਸ਼ੇਸ਼ ਤੌਰ 'ਤੇ ਹਾਜ਼ਰ ਹੋਏ ਮਿੱਡ ਡੇ ਮੀਲ ਵਰਕਰਜ਼ ਯੂਨੀਅਨ ਦੇ ਸੂਬਾ ਪ੍ਰਧਾਨ ਲਖਵਿੰਦਰ ਕੌਰ ਨੇ ਮੰਗ ਕੀਤੀ ਕਿ ਜ਼ਿਲ੍ਹਾ ਸਿੱਖਿਆ ਦਫਤਰ ਇਸ ਮਸਲੇ ਦਾ ਜਲਦ ਤੋਂ ਜਲਦ ਹੱਲ ਕੀਤਾ ਜਾਵੇ। ਉਨ੍ਹਾਂ ਕਿਹਾ ਕਿ ਜ਼ਿਲ੍ਹਾ ਅਧਿਕਾਰੀਆਂ ਨੇ ਇਸ ਵਿੱਚ ਸਹੀ ਨਿਯਮਾਂਵਲੀ ਦੀ ਪਾਲਣਾ ਨਹੀਂ ਕੀਤੀ, ਜੇਕਰ ਉਹ ਚਾਹੁੰਦੇ ਤਾਂ ਇਹ ਮਸਲਾ ਹੱਲ ਹੋ ਸਕਦਾ ਸੀ। ਉਨ੍ਹਾਂ ਐਲਾਨ ਕੀਤਾ ਕਿ ਜਿੰਨਾ ਚਿਰ ਇਸ ਮਸਲੇ ਦਾ ਹੱਲ ਨਾ ਕੀਤਾ ਗਿਆ, ਉਨਾ ਚਿਰ ਜਥੇਬੰਦੀ ਵੱਲੋਂ ਸੰਘਰਸ਼ ਜਾਰੀ ਰਹੇਗਾ। ਇਸ ਮੌਕੇ ਵੀਰਪਾਲ ਕੌਰ ਸੀਰਵਾਲੀ, ਗੁਰਮੀਤ ਕੌਰ ਧੂੰਡੇ ਹਲਾਲ, ਸੋਨੀਆ ਹਰੀਕੇ ਕਲਾਂ, ਰਾਣੀ ਕੌਰ ਝੁਰੜ, ਸੁਖਜੀਤ ਕੌਰ, ਮਨਦੀਪ ਕੌਰ ਲੰਬੀ, ਅਮਰਜੀਤ ਕੌਰ ਸੂਰੇਵਾਲਾ, ਸਰੋਜ ਰਾਣੀ ਮੁਕਤਸਰ, ਮਨਜੀਤ ਕੌਰ ਭੁੱਲਰ, ਮਨਪ੍ਰੀਤ ਕੌਰ, ਰਾਜਾ ਸਿੰਘ ਭਲੇਰੀਆਂ ਨੇ ਕਿਹਾ ਕਿ ਬਿਨਾਂ ਕਾਰਨ ਕਿਸੇ ਵਰਕਰ ਨੂੰ ਕੱਢਣ ਨਹੀਂ ਦਿੱਤਾ ਜਾਵੇਗਾ ਤੇ ਇਸ ਕੇਸ ਵਿੱਚ ਕੱਢੀ ਗਈ ਵਰਕਰ ਦਾ ਬਹਾਲੀ ਹੋਣ ਤੱਕ ਸਾਥ ਦਿੱਤਾ ਜਾਵੇਗਾ।

ਭਾਕਿਯੂ (ਏਕਤਾ) ਡਕੌਂਦਾ ਵੱਲੋਂ ਬੁੱਧ ਰਾਮ ਦੇ ਦਫਤਰ ਦਾ ਦੂਜੇ ਦਿਨ ਵੀ ਘੇਰਾਓ

ਬੁਢਲਾਡਾ (ਅਸ਼ੋਕ ਲਾਕੜਾ)

ਬੀਤੇ ਮਹੀਨਿਆਂ ਵਿੱਚ ਹੜ੍ਹਾਂ ਦੀ ਮਾਰ ਹੇਠ ਆਏ ਵੱਡੇ ਉੱਤਰੀ ਭਾਰਤ ਦੇ ਖਿੱਤੇ ਦੇ ਹੋਏ ਨੁਕਸਾਨ ਦਾ ਮੁਆਵਜ਼ਾ ਲੈਣ ਲਈ ਸੰਯੁਕਤ ਕਿਸਾਨ ਮੋਰਚੇ ਵੱਲੋਂ ਕੇਂਦਰੀ ਸੱਤਾਧਾਰੀ ਪਾਰਟੀ ਤੇ ਸੂਬਾ ਸੱਤਾਧਾਰੀ ਆਮ ਆਦਮੀ ਪਾਰਟੀ ਦੇ ਵਿਧਾਇਕਾਂ ਦੇ ਘਿਰਾਓ ਦਾ ਐਲਾਨ ਕੀਤਾ ਗਿਆ ਸੀ, ਜਿਸ ਦੇ ਸੱਦੇ ਤਹਿਤ ਅੱਜ ਭਾਰਤੀ ਕਿਸਾਨ ਯੂਨੀਅਨ (ਏਕਤਾ) ਡਕੌਂਦਾ ਵੱਲੋਂ ਆਮ ਆਦਮੀ ਪਾਰਟੀ ਦੇ ਸੂਬਾ ਕਾਰਜਕਾਰੀ ਪ੍ਰਧਾਨ ਤੇ ਬੁਢਲਾਡਾ ਤੋਂ ਵਿਧਾਇਕ ਪ੍ਰਿੰਸੀਪਲ ਬੁੱਧਰਾਮ ਦੇ ਦਫਤਰ ਦਾ ਘਿਰਾਓ ਕੀਤਾ ਗਿਆ। ਧਰਨੇ ਨੂੰ ਸੰਬੋਧਨ ਕਰਦੇ ਹੋਏ ਸੂਬਾ ਕਮੇਟੀ ਮੈਂਬਰ ਕੁਲਵੰਤ ਸਿੰਘ ਕਿਸ਼ਨਗੜ੍ਹ ਨੇ ਕਿਹਾ ਕਿ ਬੀਤੇ ਮਹੀਨਿਆਂ ਵਿੱਚ ਬੇਮੌਸਮੀ ਬਾਰਸ਼ ਤੇ ਸਨਅਤੀ ਖੇਤਰ ਕਾਰਨ ਹੋਈ ਮੌਸਮੀ ਤਬਦੀਲੀ ਕਾਰਨ ਆਏ ਹੜ੍ਹਾਂ ਨਾਲ ਲੋਕਾਂ ਦਾ ਵੱਡੀ ਪੱਧਰ 'ਤੇ ਫਸਲਾਂ ਦਾ ਨੁਕਸਾਨ ਹੋਇਆ ਹੈ ਅਤੇ ਪੀੜਤ ਲੋਕਾਂ ਦਾ ਜਾਨੀ-ਮਾਲੀ ਨੁਕਸਾਨ ਵੀ ਹੋ ਚੁੱਕਾ ਹੈ। ਪਾਣੀ ਦੇ ਤੇਜ਼ ਵਹਾ ਕਾਰਨ ਕਈ ਥਾਈਂ ਮਿੱਟੀ ਵਹਿ ਗਈ ਹੈ ਅਤੇ ਕਈ ਹਿੱਸਿਆਂ ਵਿੱਚ ਮਿੱਟੀ ਭਰ ਚੁੱਕੀ ਹੈ। ਇਸ ਹੋਏ ਨੁਕਸਾਨ ਦੀ ਭਰਪਾਈ ਲਈ ਕੇਂਦਰ ਤੇ ਸੂਬਾ ਸਰਕਾਰ ਤੋਂ ਵਿੱਤੀ ਸਹਾਇਤਾ ਲੈਣ ਲਈ ਉੱਤਰ ਭਾਰਤ ਵਿੱਚ ਤਿੰਨ ਰੋਜ਼ਾ ਧਰਨਾ ਪ੍ਰਦਰਸ਼ਨ ਕੀਤੇ ਜਾ ਰਹੇ ਹਨ। ਇਸ ਸਮੇਂ ਸੰਬੋਧਨ ਕਰਦਿਆਂ ਮੱਖਣ ਸਿੰਘ ਭੈਣੀ ਬਾਘਾ ਨੇ ਕਿਹਾ ਕਿ ਸਰਕਾਰ ਨੂੰ ਫੌਰੀ ਤੌਰ 'ਤੇ ਕਿਸਾਨਾਂ-ਮਜ਼ਦੂਰਾਂ ਦੀ ਬਾਂਹ ਫੜਨੀ ਚਾਹੀਦੀ ਹੈ। ਇਸ ਨੁਕਸਾਨ ਨੂੰ ਕੁਦਰਤੀ ਆਫਤ ਐਲਾਨ ਕੇ ਭਰਪਾਈ ਲਈ ਕੌਮੀ ਰਾਹਤ ਫੰਡ ਵਿੱਚੋਂ ਰਾਸ਼ੀ ਜਾਰੀ ਕਰਨੀ ਚਾਹੀਦੀ ਹੈ। ਅੱਜ ਦੇ ਧਰਨੇ ਨੂੰ ਬਲਕਾਰ ਸਿੰਘ ਚਹਿਲਾਂਵਾਲੀ, ਬਲਵਿੰਦਰ ਸ਼ਰਮਾ, ਦੇਵੀ ਰਾਮ, ਜਗਦੇਵ ਕੋਟਲੀ, ਸੱਤਪਾਲ ਵਰ੍ਹੇ, ਮੱਖਣ ਉਡਤ ਭਗਤ ਰਾਮ, ਬਰਿਆਮ ਖਿਆਲਾ, ਤਰਸੇਮ ਚੱਕ ਅਲੀਸ਼ੇਰ, ਮਨਜੀਤ ਕੌਰ, ਸੁਰਜੀਤ ਕੌਰ ਕਿਸ਼ਨਗੜ੍ਹ, ਹਰਬੰਸ ਕੌਰ ਕੁਲਰੀਆਂ, ਮੋਹਿੰਦਰ ਕੁਲਰੀਆਂ, ਹਰਜੀਵਨ ਹਸਨਪੁਰ, ਸੁਰਜੀਤ ਨੰਗਲ ਕਲਾਂ, ਕਰਨੈਲ ਚੋਟੀਆਂ ਤੇ ਬਚਿੱਤਰ ਸਿੰਘ ਮੂਸਾ ਆਦਿ ਨੇ ਸੰਬੋਧਨ ਕੀਤਾ।

ਪੰਜਾਬ ਪੈਨਸ਼ਨਰ ਯੂਨੀਅਨ (ਏਟਕ) ਦੀ ਹੋਈ ਮੀਟਿੰਗ

ਮੋਗਾ (ਅਮਰਜੀਤ ਬੱਬਰੀ)-ਪੰਜਾਬ ਪੈਨਸ਼ਨਰ ਯੂਨੀਅਨ (ਏਟਕ) ਬ੍ਰਾਂਚ ਮੋਗਾ ਦੀ ਮਹੀਨਾਵਾਰ ਮੀਟਿੰਗ ਸ਼ਹੀਦ ਕਾਮਰੇਡ ਨਛੱਤਰ ਸਿੰਘ ਧਾਲੀਵਾਲ ਭਵਨ ਦੇ ਕਾਮਰੇਡ ਸਤੀਸ਼ ਲੂੰਬਾ ਹਾਲ ਵਿੱਚ ਕਾਮਰੇਡ ਬਚਿੱਤਰ ਸਿੰਘ ਧੋਥੜ ਦੀ ਪ੍ਰਧਾਨਗੀ ਹੇਠ ਹੋਈ। ਮੀਟਿੰਗ ਦੀ ਕਾਰਵਾਈ ਸ਼ੁਰੂ ਕਰਦਿਆਂ ਯੂਨੀਅਨ ਦੇ ਜਨਰਲ ਸਕੱਤਰ ਸੱਤਪਾਲ ਸਹਿਗਲ ਨੇ ਦੱਸਿਆ ਕਿ ਪੰਜਾਬ ਮੁਲਾਜ਼ਮ ਤੇ ਪੈਨਸ਼ਨਰ ਸਾਂਝਾ ਫਰੰਟ ਵੱਲੋਂ ਚਾਰ ਮੰਤਰੀਆਂ ਦੇ ਘਿਰਾਓ ਦਾ ਜੋ ਪ੍ਰੋਗਰਾਮ ਉਲੀਕਿਆ ਗਿਆ ਹੈ, ਉਸ ਵਿੱਚ ਪੰਜਾਬ ਪੈਨਸਨਰ ਯੂਨੀਅਨ ਦੇ ਪੈਨਸ਼ਨਰ ਵਧ-ਚੜ੍ਹ ਕੇ ਹਿੱਸਾ ਲੈਣਗੇ। ਪੰਜਾਬ ਸਰਕਾਰ ਦੀ ਨਿਖੇਧੀ ਕਰਦਿਆਂ ਮੰਗ ਕੀਤੀ ਕਿ 6ਵੇਂ ਤਨਖਾਹ ਕਮਿਸਨ ਦੇ ਫੈਸਲੇ ਅਨੁਸਾਰ 2.59 ਦਾ ਗੁਣਾਂਕ ਪੈਨਸ਼ਨਰਾਂ ਤੇ ਤਰੁੰਤ ਲਾਗੂ ਕੀਤਾ ਜਾਵੇ। ਡੀ.ਏ. ਦੇ ਰਹਿੰਦੇ ਬਕਾਏ ਤਰੁੰਤ ਜਾਰੀ ਕੀਤੇ ਜਾਣ ਤੇ ਜੁਲਾਈ 2022 ਅਤੇ ਜਨਵਰੀ 2023 ਦੀ ਡੀ.ਏ. ਦੀਆਂ 8% ਕਿਸ਼ਤਾਂ ਤਰੁੰਤ ਜਾਰੀ ਕਰਕੇ ਕੇਂਦਰ ਦੇ ਮੁਲਾਜ਼ਮਾਂ ਦੇ ਡੀ.ਏ.ਦੇ ਬਰਾਬਰ ਕੀਤਾ ਜਾਵੇ। ਮੈਡੀਕਲ ਭੱਤਾ ਵਧਾ ਕੇ 2000 ਪ੍ਰਤੀ ਮਹੀਨਾ ਕੀਤਾ ਜਾਵੇ। ਜਨਵਰੀ 2016 ਤੋਂ ਜੂਨ 2021 ਤੱਕ 66 ਮਹੀਨੇ ਦਾ ਪੇ ਕਮਿਸ਼ਨ ਦਾ ਬਕਾਇਆ ਪੈਨਸ਼ਨਰਾਂ ਨੂੰ ਯਕਮੁਸ਼ਤ ਦਿੱਤਾ ਜਾਵੇ। ਮੀਟਿੰਗ ਨੂੰ ਸੰਬੋਧਨ ਕਰਦਿਆਂ ਸਰਪ੍ਰਸਤ ਚਮਕੌਰ ਸਿੰਘ ਡਗਰੂ ਨੇ ਮੰਗ ਕੀਤੀ ਕਿ ਬਹੁਤ ਸਾਰੇ ਪੈਨਸ਼ਨਰਾਂ ਨੂੰ ਟਰੈਵਲ ਰਾਹਤ (ਟੀ.ਸੀ.) ਦਾ ਲਾਭ ਹਾਲੇ ਤੱਕ ਨਹੀਂ ਮਿਲਿਆ, ਕੁਝ ਬੈਂਕਾਂ ਵੱਲੋਂ ਅਜੇ ਤੱਕ ਜੁਲਾਈ 2015 ਤੋਂ ਦਸੰਬਰ 2015 ਤੱਕ ਪੈਨਸਨਰਾਂ ਦਾ ਮਹਿੰਗਾਈ ਭੱਤੇ ਦਾ ਬਕਾਇਆ ਪੈਨਸ਼ਨਰਾਂ ਦੇ ਖਾਤਿਆਂ ਵਿੱਚ ਅਜੇ ਤੱਕ ਨਹੀਂ ਪਾਇਆ, ਪੈਨਸ਼ਨਰਾਂ ਦੇ ਖਾਤਿਆਂ ਵਿਚ ਤਰੁੰਤ ਪਾਇਆ ਜਾਵੇ। ਮੀਟਿੰਗ ਨੂੰ ਸੰਬੋਧਨ ਕਰਦਿਆਂ ਡਾਕਟਰ ਇੰਦਰਵੀਰ ਸਿੰਘ ਗਿੱਲ ਨੇ ਕਿਹਾ ਕਿ ਮਹਾਲੇਖਾਕਾਰ ਪੰਜਾਬ ਚੰਡੀਗੜ੍ਹ ਦੇ ਦਫ਼ਤਰ ਵਿੱਚ ਪਏ ਪੈਨਸ਼ਨਰਾਂ ਦੇ ਕੇਸਾਂ ਦਾ ਤਰੁੰਤ ਨਿਪਟਾਰਾ ਕੀਤਾ ਜਾਵੇ, ਮੈਡੀਕਲ ਰਿਬਰਸਮੈਂਟ ਦੇ ਕੇਸ ਦੋ ਤਿੰਨ ਸਾਲ ਤੋਂ ਰੁਲ ਰਹੇ ਹਨ, ਉਨ੍ਹਾਂ ਲਈ ਬੱਜਟ ਜਾਰੀ ਕੀਤਾ ਜਾਵੇ ਅਤੇ ਬਜਟ ਲੈਪਸ ਹੋਏ ਕੇਸਾਂ ਦਾ ਬਜਟ ਜੋ ਰੀਵੈਲੀਡੇਟ ਹੋ ਗਿਆ ਹੈ, ਉਹ ਤਰੁੰਤ ਪਾਸ ਕਰਕੇ ਪੈਨਸ਼ਨਰਾਂ ਨੂੰ ਪੇਮੈਂਟ ਕੀਤੀ ਜਾਵੇ। ਉਨ੍ਹਾਂ ਵੱਲੋਂ ਸਰਕਾਰ ਵੱਲੋਂ ਮੁਲਾਜ਼ਮਾਂ ਤੇ ਪੈਨਸ਼ਨਰਾਂ ਲਈ ਸਰਕਾਰੀ ਹਸਪਤਾਲਾਂ ਵਿੱਚ ਫਰੀ ਇਲਾਜ ਅਤੇ ਟੈਸਟਾਂ ਬਾਰੇ ਜਾਣਕਾਰੀ ਦਿੱਤੀ। ਪੋਹਲਾ ਸਿੰਘ ਬਰਾੜ ਨੇ ਮੀਟਿੰਗ ਨੂੰ ਸੰਬੋਧਨ ਕਰਦਿਆਂ ਮੁਲਾਜ਼ਮਾਂ 'ਤੇ ਲਾਏ ਐਸਮਾ ਕਾਨੂੰਨ ਦੀ ਸਖਤ ਨਿਖੇਧੀ ਕਰਦਿਆਂ ਮੰਗ ਕੀਤੀ ਕਿ ਐਸਮਾ ਕਾਨੂੰਨ ਨੂੰ ਤਰੁੰਤ ਰੱਦ ਕੀਤਾ ਜਾਵੇ। ਮੀਟਿੰਗ ਨੂੰ ਸੰਬੋਧਨ ਕਰਦਿਆਂ ਅਜਮੇਰ ਸਿੰਘ ਵਿੱਤ ਸਕੱਤਰ ਨੇ ਕਿਹਾ ਕਿ ਪਰਮਗੁਣੀ ਭਗਤ ਸਿੰਘ ਦਾ ਜਨਮ ਦਿਹਾੜਾ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ 28 ਸਤੰਬਰ 2023 ਨੂੰ ਦੇਸ ਭਗਤ ਯਾਦਗਾਰ ਹਾਲ ਜਲੰਧਰ ਵਿਖੇ ਮਨਾਇਆ ਜਾਵੇਗਾ। ਇਸ ਵਿੱਚ ਪੈਨਸ਼ਨਰ ਸਾਥੀ ਵੱਡੀ ਗਿਣਤੀ ਵਿੱਚ ਸ਼ਾਮਲ ਹੋਣਗੇ। ਸੀਨੀਅਰ ਵਾਈਸ ਪ੍ਰਧਾਨ ਚਮਕੌਰ ਸਿੰਘ ਲੰਗੇਆਣਾ ਨੇ ਕਿਹਾ ਕਿ ਕੋਰਟਾਂ ਦੇ ਕੀਤੇ ਫੈਸਲੇ ਜਰਨਲਾਇਜ ਕੀਤੇ ਜਾਣ, ਸਰਕਾਰ ਵੱਲੋਂ ਮੀਟਿੰਗ ਲਈ ਸਮਾਂ ਨਹੀਂ ਦਿੱਤਾ ਜਾ ਰਿਹਾ, ਜੇ ਮੀਟਿੰਗ ਦਾ ਸਮਾਂ ਦਿੱਤਾ ਵੀ ਜਾਂਦਾ ਹੈ ਤਾਂ ਉਸ ਨੂੰ ਵਾਰ-ਵਾਰ ਮੁਲਤਵੀ ਕਰਕੇ ਸਰਕਾਰ ਵੱਲੋਂ ਚੋਣਾਂ ਸਮੇਂ ਕੀਤੇ ਵਾਅਦਿਆਂ ਅਨੁਸਾਰ ਮੰਗਾਂ ਦਾ ਹੱਲ ਕਰਨ ਤੋਂ ਭੱਜ ਰਹੀ ਹੈ। ਚਮਨ ਲਾਲ ਸੰਘੇਲੀਆ ਵੱਲੋਂ ਦੇਸ ਭਰ ਦੇ ਮੁਲਾਜ਼ਮਾਂ ਦੀ ਸਿਰਮੌਰ ਜਥੇਬੰਦੀ ਆਲ ਇੰਡੀਆ ਸਟੇਟ ਗੌਰਮਿੰਟ ਇੰਪਲਾਈਜ ਕਨਫੈਡਰੇਸ਼ਨ ਦੀ ਕੌਮੀ ਕਾਨਫਰੰਸ 21-22 ਅਕਤੂਬਰ ਨੂੰ ਸਥਾਨਕ ਸਹੀਦ ਕਾਮਰੇਡ ਨਛੱਤਰ ਸਿੰਘ ਧਾਲੀਵਾਲ ਭਵਨ ਵਿਖੇ ਹੋ ਰਹੀ ਹੈ ਦੇ ਸਬੰਧ ਵਿੱਚ ਜਾਣਕਾਰੀ ਦਿੱਤੀ ਗਈ। ਅੰਤ ਵਿੱਚ ਪ੍ਰਧਾਨ ਕਾਮਰੇਡ ਬਚਿੱਤਰ ਸਿੰਘ ਧੋਥੜ ਨੇ ਮੀਟਿੰਗ ਵਿੱਚ ਸ਼ਾਮਲ ਪੈਨਸ਼ਨਰ ਸਾਥੀਆਂ ਦਾ ਧੰਨਵਾਦ ਕਰਦਿਆਂ 21 ਅਕਤੂਬਰ ਨੂੰ ਸ਼ਹੀਦ ਕਾਮਰੇਡ ਨਛੱਤਰ ਸਿੰਘ ਧਾਲੀਵਾਲ ਦੀ ਮਨਾਈ ਜਾ ਰਹੀ 35ਵੀਂ ਬਰਸੀ ਬਾਰੇ ਜਾਣਕਾਰੀ ਦਿੱਤੀ।

ਕਾਤਰਾਂ

ਅਕਾਲਗੜ੍ਹ 'ਚ ਕਾਨਫਰੰਸ 15 ਨੂੰ

ਮੁਕਤਸਰ (ਸ਼ਮਿੰਦਰਪਾਲ, ਪੂਜਾ)-ਕਾਰਪੋਰੇਟ ਭਜਾਓ ਮੋਦੀ ਹਟਾਓ ਦੀ ਲੜੀ ਤਹਿਤ ਪੰਜਾਬ ਭਰ ਦੇ ਪਿੰਡਾਂ ਵਿੱਚ ਭਾਰਤੀ ਇਨਕਲਾਬੀ ਮਾਰਕਸਵਾਦੀ ਪਾਰਟੀ ਵੱਲੋਂ ਸਿਆਸੀ ਕਾਨਫਰੰਸਾਂ ਕੀਤੀਆਂ ਜਾ ਰਹੀਆਂ ਹਨ। ਇਸ ਤਹਿਤ ਮੁਕਤਸਰ ਸਾਹਿਬ ਦੇ ਦੋ ਪਿੰਡਾਂ ਅਕਾਲਗੜ੍ਹ ਤੇ ਪਿੰਡ ਕਾਨਿਆਂ ਵਾਲੀ ਵਿੱਚ ਦੋ ਰਾਜਸੀ ਕਾਨਫਰੰਸਾਂ 15 ਸੰਤਬਰ ਨੂੰ ਕੀਤੀਆਂ ਜਾਣਗੀਆਂ। ਪਿੰਡ ਅਕਾਲਗੜ੍ਹ 'ਚ ਤਿਆਰੀ ਕਮੇਟੀ ਦੀ ਮੀਟਿੰਗ ਨੂੰ ਸੰਬੋਧਨ ਕਰਦਿਆਂ ਕਾਮਰੇਡ ਹਰਜੀਤ ਸਿੰਘ ਮਦਰਸਾ ਨੇ ਦੱਸਿਆ ਕਿ ਇਸ ਸਿਆਸੀ ਕਾਨਫਰੰਸ ਨੂੰ ਸੰਬੋਧਨ ਕਰਨ ਲਈ ਦਿਹਾਤੀ ਮਜ਼ਦੂਰ ਸਭਾ ਦੇ ਸੂਬਾ ਜਨਰਲ ਸਕੱਤਰ ਗੁਰਨਾਮ ਸਿੰਘ ਦਾਊਦ ਪੁੱਜ ਰਹੇ ਹਨ। ਉਨ੍ਹਾ ਕਿਹਾ ਕਿ ਪਿੰਡ ਪਿੰਡ ਮਜ਼ਦੂਰਾਂ ਦੀਆਂ ਨੁੱਕੜ ਮੀਟਿੰਗਾਂ ਕਰਕੇ ਕਾਨਫਰੰਸ ਵਿੱਚ ਵੱਡੀ ਗਿਣਤੀ 'ਚ ਸ਼ਮੂਲੀਅਤ ਕਰਵਾਈ ਜਾਵੇਗੀ ਤੇ ਦੋਵੇਂ ਕਾਨਫਰੰਸਾਂ ਨੂੰ ਸਫਲ ਕੀਤਾ ਜਾਵੇਗਾ।

ਰਾਹਗੀਰਾਂ ਨੂੰ ਲੁੱਟਣ ਵਾਲੇ ਗਰੋਹ ਦੇ 7 ਮੈਂਬਰ ਕਾਬੂ

ਮੰਡੀ ਗੋਬਿੰਦਗੜ੍ਹ (ਲਖਵੀਰ ਸਿੰਘ, ਹਰਚਰਨ ਉੱਪਲ)-ਸਥਾਨਕ ਪੁਲਸ ਵੱਲੋਂ ਲੁੱਟਾਂ-ਖੋਹਾਂ ਕਰਨ ਵਾਲੇ ਗਰੋਹ ਦੇ 7 ਮੈਂਬਰਾਂ ਨੂੰ ਗ੍ਰਿਫ਼ਤਾਰ ਕੀਤੇ ਜਾਣ ਦਾ ਸਮਾਚਾਰ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਥਾਣਾ ਮੰਡੀ ਗੋਬਿੰਦਗੜ੍ਹ ਦੇ ਸਹਾਇਕ ਥਾਣੇਦਾਰ ਜਸਪਾਲ ਸਿੰਘ ਨੂੰ ਮੁਖਬਰੀ ਮਿਲੀ ਸੀ ਕਿ ਰਾਹਗੀਰਾਂ ਨੂੰ ਘੇਰ ਕੇ ਲੁੱਟਾਂ-ਖੋਹਾਂ ਕਰਨ ਵਾਲੇ ਅਪਰਾਧਕ ਪ੍ਰਵਿਰਤੀ ਦੇ ਕੁਝ ਵਿਅਕਤੀਆਂ ਨੇ ਇੱਕ ਗਰੋਹ ਬਣਾਇਆ ਹੋਇਆ ਹੈ, ਜੋ ਹਥਿਆਰਾਂ ਨਾਲ ਲੈਸ ਹੋ ਕੇ ਪਿੰਡ ਲਾਡਪੁਰ ਦੀ ਢੱਕੀ ਨਜ਼ਦੀਕ ਇਕੱਠੇ ਹੋ ਕੇ ਕਿਸੇ ਵੱਡੀ ਡਕੈਤੀ ਨੂੰ ਅੰਜਾਮ ਦੇਣ ਦੀ ਯੋਜਨਾ ਬਣਾ ਰਹੇ ਹਨ, ਜਿਸ 'ਤੇ ਸਹਾਇਕ ਥਾਣੇਦਾਰ ਜਸਪਾਲ ਸਿੰਘ ਦੀ ਅਗਵਾਈ ਵਾਲੀ ਪੁਲਸ ਪਾਰਟੀ ਨੇ ਛਾਪੇਮਾਰੀ ਕਰਦਿਆਂ ਪਰਮਿੰਦਰ ਸਿੰਘ ਵਾਸੀ ਖੰਨਾ, ਵਿੱਕੀ ਸਿੰਘ, ਸੁਖਵਿੰਦਰ ਸਿੰਘ ਵਾਸੀ ਖੰਨਾ, ਰਵੀ ਸ਼ਰਮਾ, ਸੰਦੀਪ ਸਿੰਘ ਉਰਫ ਤੋਤਾ, ਗੁਰਪ੍ਰੀਤ ਸਿੰਘ ਤੇ ਪਵਨ ਕੁਮਾਰ ਵਾਸੀਆਨ ਮੰਡੀ ਗੋਬਿੰਦਗੜ੍ਹ ਨੂੰ ਗ੍ਰਿਫ਼ਤਾਰ ਕਰ ਲਿਆ। ਥਾਣਾ ਮੰਡੀ ਗੋਬਿੰਦਗੜ੍ਹ ਵਿਖੇ ਉਪਰੋਕਤ ਵਿਅਕਤੀਆਂ ਵਿਰੁੱਧ ਮੁਕੱਦਮਾ ਦਰਜ ਕਰਕੇ ਮਾਮਲੇ ਦੀ ਤਫਤੀਸ਼ ਕੀਤੀ ਜਾ ਰਹੀ ਹੈ।

ਪ੍ਰਜਾਪਤ ਏਕਤਾ ਵੈੱਲਫੇਅਰ ਸੁਸਾਇਟੀ ਦਾ ਗਠਨ, ਸੁਮਿਤ ਕੁਮਾਰ ਬਣੇ ਪ੍ਰਧਾਨ

ਧਰਮਕੋਟ (ਗੁਰਦੀਪ ਸਿੰਘ ਭੁੱਲਰ)-ਪ੍ਰਜਾਪਤ ਸਮਾਜ ਲਾਲ ਸਿੰਘ ਰੋਡ ਗਲੀ ਨੰਬਰ 8 ਦੀ ਇੱਕ ਵਿਸ਼ੇਸ਼ ਮੀਟਿੰਗ ਹੋਈ, ਜਿਸ 'ਚ ਪ੍ਰਜਾਪਤ ਏਕਤਾ ਵੈੱਲਫੇਅਰ ਸੁਸਾਇਟੀ ਦਾ ਗਠਨ ਕੀਤਾ ਗਿਆ। ਮੀਟਿੰਗ 'ਚ ਸਰਬਸੰਮਤੀ ਨਾਲ ਸੁਮਿਤ ਕੁਮਾਰ ਮਿੱਠੂ ਨੂੰ ਪ੍ਰਧਾਨ, ਕ੍ਰਿਸ਼ਨ ਕੁਮਾਰ ਨੂੰ ਉੱਪ ਪ੍ਰਧਾਨ, ਪਵਨ ਕੁਮਾਰ ਨੂੰ ਖਜ਼ਾਨਚੀ, ਮਨੀ ਕੁਮਾਰ ਨੂੰ ਜਨਰਲ ਸਕੱਤਰ, ਅਭੀ ਕੁਮਾਰ ਨੂੰ ਸਕੱਤਰ ਨਿਯੁਕਤ ਕੀਤਾ ਗਿਆ। ਇਸ ਤੋਂ ਇਲਾਵਾ ਅਜੀਤ ਵਰਮਾ ਐਡਵੋਕੇਟ, ਪਵਨ ਕੁਮਾਰ ਠੇਕੇਦਾਰ, ਓਮ ਪ੍ਰਕਾਸ਼ ਟੀਟੂ, ਰਾਕੇਸ਼ ਵਰਮਾ ਕਰਿਆਨਾ ਵਾਲੇ ਤੇ ਰਾਜੇਸ਼ ਕੁਮਾਰ ਨੂੰ ਮੁੱਖ ਸਲਾਹਕਾਰ ਨਿਯੁਕਤ ਕੀਤਾ ਗਿਆ। ਇਸ ਮੌਕੇ ਐਡਵੋਕੇਟ ਅਜੀਤ ਵਰਮਾ ਨੇ ਕਿਹਾ ਕਿ ਸਾਰੇ ਪ੍ਰਜਾ

page-6-13-(SEP)-2023-G-(BV).qxd 9/12/2023 10:52 PM Page 1

ਕਲਾਸੀਫਾਈਡ ਇਸ਼ਤਿਹਾਰ

Debar Notice

We, Raj Kumar S/o Mangal Das and Indu Bala W/o Raj Kumar both R/o H.No. W.F.172, Ali Puli Mohalla, Jalandhar, has one son Tarun and his wife Neeta both has gone out of our control. Therefore we disinherit them from all our moveable and immovable properties. If anybody deals with our son and his family will do so on own responsibility. We would not be responsible for any act of them. Concerned note. (8466)

Court Notice

In the Court of
Rajbinder Kaur
Civil Judge (Junior Division), Nakodar.
CNR No. PBJLA0-000324-2023
Next Date : 30.9.2023
Hari Singh
Versus
Daya Singh

Publication issued to : 1. Balwinder Kaur D/o Surjit Singh S/o Dalip Singh 2. Baljinder Kaur D/o Surjit Singh S/o Dalip Singh Both R/o Vill. Baghela, Tehsil Nakodar.

In above titled case, the defendant (s)/respondent (s) could not be served. It is ordered that defendant (s)/respondent (s) should appear in person or through counsel on 30.9.2023 at 10.00 a.m.

For details logon to https://highcourtchd.gov.in/?trs=district notice&district=Jalandhar

Civil Judge (Junior Division), Nakodar
Dated, this day of 06.09.2023

ਜਨਤਕ ਸੂਚਨਾ

ਜਿਲ੍ਹਾ ਤਰਨ ਤਾਰਨ ਸਕੂਲ ਆਫ ਐਮੀਨੈਂਸ ਤਰਨ ਤਾਰਨ ਦੇ ਵਿਦਿਆਰਥੀਆਂ ਨੂੰ ਸੇਫ ਸਕੂਲ ਵਾਹਨ ਪਾਲਿਸੀ (ਨੋਟੀਫਿਕੇਸਨ ਨੰਬਰ 4/39/2011-27/1206238 ਮਿਤੀ 7-11-2013 ਦੀ ਪਾਲਣਾ ਕਰਦੇ ਹੋਏ ਟਰਾਂਸਪੋਰਟ ਸੁਵਿਧਾ ਦਿੱਤੀ ਜਾਣੀ ਹੈ। ਚਾਹਵਾਨ ਟਰਾਂਸਪੋਰਟ ਮਿਤੀ 18-09- 2023 ਤੱਕ ਸਬੰਧਤ ਸਕੂਲ ਵਿੱਚ ਸੰਪਰਕ ਕਰਨ।

ਵੱਲੋਂ
ਸਕੂਲ ਆਫ ਐਮੀਨੈਂਸ ਤਰਨ ਤਾਰਨ
ਪ੍ਰਿੰਸੀਪਲ
ਸੰਪਰਕ ਨੰਬਰ.....9646081015

COURT NOTICE

In the Court of
Ms. Ankita Mattal
Judicial Magistrate-Ist Class-2, Nabha.
CNR No. PBPTB1-000205-2018
Next Date : 29.9.2023
Randhir Singh
Versus
Atul Dhingra

Publication issued to : Atul Dhingra F/o Devinder Dhingra Deep Nagar Street, Near Anand Nagar Patiala Distt. Patiala.

In above titled case, the accused could not be served. It is ordered that accused should appear in person or through counsel on 29.9.2023 at 10.00 a.m.

For details logon to https://highcourtchd.gov.in/?trs=district notice&district=Patiala

Judicial Magistrate-Ist Class-2, Nabha
Dated, this day of 11.9.2023

COURT NOTICE

In the Court of
Ms. Neha Goel
Addl. Civil Judge (Senior Division), Dhuri.
CNR No. PBSGB0-000481-2023
Next Date : 3.10.2023
Mandeep Kaur D/o Avtar Singh S/o Hari Singh R/o Vill. Meemsa, Tehsil Dhuri Distt. Sangrur now W/o Gagandeep Singh R/o 57, Charies Thompson Bvd Marsden Park NSW 2765, Australia, through his General Power of Attorney Pawamjit Singh S/o Hari Singh R/o Vill. Meemsa, Tehsil Dhuri, Distt. Sangrur.
Versus
General Public

Petition U/S 8 of Hindu Minority and Guardianship Act, 1956

Publication issued to : General Public

In above titled case, the defendant (s)/respondent (s) could not be served. It is ordered that defendant (s)/respondent (s) should appear in person or through counsel on 3.10.2023 at 10.00 a.m.

For details logon to https://highcourtchd.gov.in/?trs=district notice & district=Sangrur

Addl. Civil Judge (Senior Division), Dhuri.
Dated, this day of 7.8.2023

Public Notice

I, Davinder Kumar S/o Surya Naryan Pandey R/o H.No. 222/2, Near Babu Model School, Deep Nagar, Jalandhar Cantt, declare that name of my mother Parbha Devi is wrongly mentioned in my passport No. E3958944 dated 6.1.2003 valid upto 5.1.2013 issued by passport office, Jalandhar. But correct name of my mother is Prabha. Please note. (8472)

I, Davinder Kumar S/o Surya Naryan Pandey R/o H.No. 222/2, Near Babu Model School, Deep Nagar, Jalandhar Cantt, declare that name of my father Surya Narain Panday is wrongly mentioned in my passport No. E3958944 dated 6.1.2003 valid upto 5.1.2013 issued by passport office, Jalandhar. But correct name of my father is Surya Naryan Pandey. Please note. (8472)

ਅਦਾਲਤੀ ਇਸ਼ਤਿਹਾਰ

ਬਾ ਅਦਾਲਤ-ਸ੍ਰੀ ਚੰਦਰ ਗੈਂਦ, ਆਈ ਏ ਐੱਸ, ਕਮਿਸ਼ਨਰ, ਫਰੀਦਕੋਟ ਮੰਡਲ, ਫਰੀਦਕੋਟ।

ਵਿਸ਼ਾ : ਕੇਸ ਨੰ: ਤਕਸੀਮ 19/2023 (98/2023 ਅਪੀਲ) ਸੰਜੀਵ ਕੁਮਾਰ ਬਨਾਮ : ਇੰਦਰਜੀਤ ਪਿੰਡ ਰਾਮਾ, ਤਹਿਸੀਲ ਤਲਵੰਡੀ ਸਾਬੋ, ਜ਼ਿਲ੍ਹਾ ਬਠਿੰਡਾ।

ਨੋਟਿਸ ਬਨਾਮ-1. ਇੰਦਰਜੀਤ ਪੁੱਤਰ ਕੁੰਦਨ ਲਾਲ ਪੁੱਤਰ ਹਰਨਾਮ ਮੱਲ 2. ਸੁਰਿੰਦਰ ਕੁਮਾਰੀ ਵਿਧਵਾ ਕੇਵਲ ਕ੍ਰਿਸ਼ਨ ਪੁੱਤਰ ਮਦਨ ਲਾਲ 3. ਗਿਆਨ ਦੇਵੀ ਪਤਨੀ ਕਿਰਪਾ ਰਾਮ 4. ਰਮੇਸ਼ ਜੈਨ ਪੁੱਤਰ ਬੈਣੀ ਪ੍ਰਸਾਦ ਪੁੱਤਰ ਮੁਨਸ਼ੀ ਰਾਮ 5. ਸ਼ਾਂਤੀ ਜੈਨ ਪਤਨੀ ਰਾਮੇਸ਼ ਜੈਨ ਪੁੱਤਰ ਬੈਣੀ ਪ੍ਰਸਾਦ 6. ਰਮੇਸ਼ ਚੰਦ ਪੁੱਤਰ ਚਮੇਲੀ ਦੇਵੀ ਵਿਧਵਾ ਬੈਣੀ ਪ੍ਰਸਾਦ 7. ਅਬੈ ਜੈਨ ਪੁੱਤਰ ਉਗਰ ਸੈਨ ਪੁੱਤਰ ਚਾਂਦੀ ਰਾਮ 8. ਬਿਮਲਾ ਜੈਨ ਪੁੱਤਰੀ ਉਗਰ ਸੈਨ ਪੁੱਤਰ ਚਾਂਦੀ ਰਾਮ 9. ਰਵਿੰਦਰ ਜੈਨ ਪੁੱਤਰੀ ਉਗਰ ਸੈਨ ਪੁੱਤਰ ਚਾਂਦੀ ਰਾਮ 10. ਸੰਤੋਸ਼ ਜੈਨ ਪੁੱਤਰੀ ਉਗਰ ਸੈਨ ਪੁੱਤਰ ਚਾਂਦੀ ਰਾਮ 11. ਪੁਸ਼ਪਾ ਰਾਣੀ ਪੁੱਤਰੀ ਉਗਰ ਸੈਨ ਪੁੱਤਰ ਚਾਂਦੀ ਰਾਮ 12. ਕਿਰਨਾ ਰਾਣੀ ਪੁੱਤਰੀ ਉਗਰ ਸੈਨ ਪੁੱਤਰ ਚਾਂਦੀ ਰਾਮ 13. ਪਵਨ ਕੁਮਾਰ ਪੁੱਤਰ ਮਦਨ ਲਾਲ ਪੁੱਤਰ ਚਾਂਦੀ ਰਾਮ 14. ਭਗਵੰਤ ਰਾਏ ਪੁੱਤਰ ਨੱਥੂ ਰਾਮ ਪੁੱਤਰ ਠਾਕਰ ਮੱਲ 15. ਜੈਨਿੰਦਰ ਕੁਮਾਰ ਪੁੱਤਰ ਨੱਥੂ ਰਾਮ ਪੁੱਤਰ ਠਾਕਰ ਮੱਲ 16. ਪੁਸ਼ਪਿੰਦਰ ਮੱਲ ਪੁੱਤਰ ਧਰਮ ਚੰਦ ਪੁੱਤਰ ਤੱਖੜ ਮੱਲ 17. ਦੁਰਗਾ ਦੇਵੀ ਵਿਧਵਾ ਧਰਮ ਚੰਦ ਪੁੱਤਰ ਠਾਕਰ ਮੱਲ 18. ਦੀਆ ਪੁੱਤਰੀ ਧਰਮ ਚੰਦ ਪੁੱਤਰ ਠਾਕਰ ਮੱਲ 19. ਮਾਨਸਾ ਦੇਵੀ ਪੁੱਤਰੀ ਧਰਮ ਚੰਦ ਪੁੱਤਰ ਠਾਕਰ ਮੱਲ 20. ਵਿਜੈ ਕੁਮਾਰ ਪੁੱਤਰ ਧਰਮ ਚੰਦ ਪੁੱਤਰ ਠਾਕਰ ਮੱਲ 21. ਅਭੈ ਕੁਮਾਰ ਪੁੱਤਰ ਧਰਮ ਚੰਦ ਪੁੱਤਰ ਠਾਕਰ ਮੱਲ 22. ਮਨੋਹਰ ਲਾਲ ਪੁੱਤਰ ਧਰਮ ਚੰਦ ਪੁੱਤਰ ਠਾਕਰ ਮੱਲ 23. ਲਛਮਣ ਦਾਸ ਪੁੱਤਰ ਧਰਮ ਚੰਦ ਪੁੱਤਰ ਠਾਕਰ ਮੱਲ 24. ਦੇਸ ਰਾਜ ਪੁੱਤਰ ਧਰਮ ਚੰਦ ਪੁੱਤਰ ਠਾਕਰ ਮੱਲ 25. ਰਾਮ ਕੁਮਾਰ ਪੁੱਤਰ ਠਾਕਰ ਮੱਲ ਪੁੱਤਰ ਮੁਲਤਾਨੀ ਮੱਲ 26. ਸਨੇਹ ਲਤਾ ਪੁੱਤਰੀ ਮਦਨ ਲਾਲ ਪੁੱਤਰ ਚਾਂਦੀ ਰਾਮ 27. ਸਰੋਜ ਰਾਣੀ ਪੁੱਤਰੀ ਮਦਨ ਲਾਲ ਪੁੱਤਰ ਚਾਂਦੀ ਰਾਮ 28. ਜੋਗਿੰਦਰ ਕੁਮਾਰ ਪੁੱਤਰ ਸਾਧੂ ਰਾਮ ਪੁੱਤਰ ਠਾਕੁਰ ਮੱਲ 29. ਭਗਵੰਤ ਰਾਏ ਪੁੱਤਰ ਸਾਧੂ ਰਾਮ ਪੁੱਤਰ ਠਾਕਰ ਮੱਲ 30. ਰਾਜ ਕੁਮਾਰ ਪੁੱਤਰ ਧਰਮ ਚੰਦ ਪੁੱਤਰ ਠਾਕਰ ਮੱਲ ਸਾਰੇ ਵਾਸੀਆਨ ਰਾਮਾ ਮੰਡੀ, ਤਹਿ: ਤਲਵੰਡੀ ਸਾਬੋ, ਜ਼ਿਲ੍ਹਾ ਬਠਿੰਡਾ

ਇਸ ਅਦਾਲਤ ਨੂੰ ਯਕੀਨ ਹ�ो ਚੁੱਕਾ ਹੈ ਕਿ ਉਕਤ ਉੱਤਰਵਾਦੀਆਂ ਦੀ ਇਤਲਾਹ ਸਰਸਰੀ ਢੰਗ ਨਾਲ ਨਹੀਂ ਹੋ ਸਕਦੀ। ਇਸ ਲਈ ਇਸ ਇਸ਼ਤਿਹਾਰ ਰਾਹੀਂ ਸੂਚਿਤ ਕੀਤਾ ਜਾਂਦਾ ਹੈ ਕਿ ਜੇਕਰ ਉਕਤ ਉੱਤਰਵਾਦੀ ਵਿਸ਼ੇ ਵਿੱਚ ਦਰਜ ਕੇਸ ਦੀ ਪੈਰਵੀ ਕਰਨੀ ਚਾਹੁੰਦਾ/ਚਾਹੁੰਦੀ ਹੈ ਤਾਂ ਉਹ ਅਸਾਲਤਨ/ਵਕਾਲਤਨ ਇਸ ਅਦਾਲਤ ਵਿੱਚ ਮਿਤੀ 11.10.2023 ਤੋਂ ਪਹਿਲਾਂ-ਪਹਿਲਾਂ ਪੇਸ਼ ਹੋਕਰ ਕੇਸ ਦੀ ਪੈਰਵੀ ਕਰ ਸਕਦਾ ਹੈ। ਬਾਅਦ ਗੁਜ਼ਰਨੇ ਮਿਆਦ ਕਾਰਵਾਈ ਇਕਤਰਫਾ ਅਮਲ ਵਿੱਚ ਲਿਆਂਦੀ ਜਾਵੇਗੀ। ਇਹ ਕੇਸ ਮਿਤੀ 11.10.2023 ਨੂੰ ਸੁਣਵਾਈ ਲਈ ਨਿਯਤ ਹੈ।

ਇਹ ਨੋਟਿਸ ਅੱਜ ਮੇਰੇ ਦਸਤਖਤਾਂ ਅਤੇ ਮੋਹਰ ਹੇਠ ਜਾਰੀ ਕੀਤਾ ਗਿਆ ਹੈ।

ਕਮਿਸ਼ਨਰ, ਫਰੀਦਕੋਟ ਮੰਡਲ, ਫਰੀਦਕੋਟ।
ਪਿੰਨ ਅੰਕਣ ਨੰ: ਪੇਸ਼ੀ-2023/924/ਮਿਤੀ : 18.8.2023

ਅਦਾਲਤੀ ਇਸ਼ਤਿਹਾਰ

ਬਾ ਅਦਾਲਤ-ਸ੍ਰੀ ਚੰਦਰ ਗੈਂਦ, ਆਈ ਏ ਐੱਸ, ਕਮਿਸ਼ਨਰ, ਫਰੀਦਕੋਟ ਮੰਡਲ, ਫਰੀਦਕੋਟ।

ਵਿਸ਼ਾ : ਕੇਸ ਨੰ: ਤਕਸੀਮ 20/2023 (96/2023 ਅਪੀਲ) ਸੰਜੀਵ ਕੁਮਾਰ ਬਨਾਮ : ਇੰਦਰਜੀਤ ਪਿੰਡ ਰਾਮਾ ਤਹਿਸੀਲ ਤਲਵੰਡੀ ਸਾਬੋ ਜ਼ਿਲ੍ਹਾ ਬਠਿੰਡਾ।

ਨੋਟਿਸ ਬਨਾਮ-1. ਇੰਦਰਜੀਤ ਪੁੱਤਰ ਕੁੰਦਨ ਲਾਲ ਪੁੱਤਰ ਹਰਮਨ ਮੱਲ 2. ਸੁਰਿੰਦਰ ਕੁਮਾਰੀ ਵਿਧਵਾ ਕੇਵਲ ਕ੍ਰਿਸ਼ਨ ਪੁੱਤਰ ਮਦਨ ਲਾਲ 3. ਗਿਆਨ ਦੇਵੀ ਪਤਨੀ ਕਿਰਪਾ ਰਾਮ 4. ਰਮੇਸ਼ ਜੈਨ ਪੁੱਤਰ ਬੈਣੀ ਪ੍ਰਸਾਦ ਪੁੱਤਰ ਮੁਨਸ਼ੀ ਰਾਮ 5. ਸ਼ਾਂਤੀ ਜੈਨ ਪਤਨੀ ਰਮੇਸ਼ ਜੈਨ ਪੁੱਤਰ ਬੈਣੀ ਪ੍ਰਸਾਦ 6. ਰਮੇਸ਼ ਚੰਦ ਪੁੱਤਰ ਚਮੇਲੀ ਦੇਵੀ ਵਿਧਵਾ ਬੈਣੀ ਪ੍ਰਸਾਦ 7. ਅਬੈ ਜੈਨ ਪੁੱਤਰ ਉਗਰ ਸੈਨ ਪੁੱਤਰ ਚਾਂਦੀ ਰਾਮ 8. ਬਿਮਲਾ ਜੈਨ ਪੁੱਤਰੀ ਉਗਰ ਸੈਨ ਪੁੱਤਰ ਚਾਂਦੀ ਰਾਮ 9. ਰਵਿੰਦਰ ਜੈਨ ਪੁੱਤਰੀ ਉਗਰ ਸੈਨ ਪੁੱਤਰ ਚਾਂਦੀ ਰਾਮ 10. ਸੰਤੋਸ਼ ਜੈਨ ਪੁੱਤਰੀ ਉਗਰ ਸੈਨ ਪੁੱਤਰ ਚਾਂਦੀ ਰਾਮ 11. ਪੁਸ਼ਪਾ ਰਾਣੀ ਪੁੱਤਰੀ ਉਗਰ ਸੈਨ ਪੁੱਤਰ ਚਾਂਦੀ ਰਾਮ 12. ਕਿਰਨਾ ਰਾਣੀ ਪੁੱਤਰੀ ਉਗਰ ਸੈਨ ਪੁੱਤਰ ਚਾਂਦੀ ਰਾਮ 13. ਪਵਨ ਕੁਮਾਰ ਪੁੱਤਰ ਮਦਨ ਲਾਲ ਪੁੱਤਰ ਚਾਂਦੀ ਰਾਮ 14. ਭਗਵੰਤ ਰਾਏ ਪੁੱਤਰ ਨੱਥੂ ਰਾਮ ਪੁੱਤਰ ਤੱਖੜ ਮੱਲ 15. ਜੈਨਿੰਦਰ ਕੁਮਾਰ ਪੁੱਤਰ ਨੱਥੂ ਰਾਮ ਪੁੱਤਰ ਤੱਖੜ ਮੱਲ 16. ਪੁਸ਼ਪਿੰਦਰ ਮੱਲ ਪੁੱਤਰ ਧਰਮ ਚੰਦ ਪੁੱਤਰ ਤੱਖੜ ਮੱਲ 17. ਦੁਰਗਾ ਦੇਵੀ ਵਿਧਵਾ ਧਰਮ ਚੰਦ ਪੁੱਤਰ ਤੱਖੜ ਮੱਲ 18. ਦੀਆ ਪੁੱਤਰੀ ਧਰਮ ਚੰਦ ਪੁੱਤਰ ਤੱਖੜ ਮੱਲ 19. ਮਾਨਸਾ ਦੇਵੀ ਪੁੱਤਰੀ ਧਰਮ ਚੰਦ ਪੁੱਤਰ ਤੱਖੜ ਮੱਲ 20. ਵਿਜੈ ਕੁਮਾਰ ਪੁੱਤਰ ਧਰਮ ਚੰਦ ਪੁੱਤਰ ਤੱਖੜ ਮੱਲ 21. ਅਭੈ ਕੁਮਾਰ ਪੁੱਤਰ ਧਰਮ ਚੰਦ ਪੁੱਤਰ ਤੱਖੜ ਮੱਲ 22. ਮਨੋਹਰ ਲਾਲ ਪੁੱਤਰ ਧਰਮ ਚੰਦ ਪੁੱਤਰ ਤੱਖੜ ਮੱਲ 23. ਲਛਮਣ ਦਾਸ ਪੁੱਤਰ ਧਰਮ ਚੰਦ ਪੁੱਤਰ ਤੱਖੜ ਮੱਲ 24. ਰਾਮ ਕੁਮਾਰ ਪੁੱਤਰ ਤੱਖੜ ਮੱਲ ਪੁੱਤਰ ਮੁਲਤਾਨੀ ਮੱਲ 25. ਰਾਜ ਕੁਮਾਰ ਪੁੱਤਰ ਧਰਮ ਚੰਦ ਪੁੱਤਰ ਤੱਖੜ ਮੱਲ ਸਾਰੇ ਵਾਸੀਆਨ ਰਾਮਾ ਮੰਡੀ, ਤਹਿ: ਤਲਵੰਡੀ ਸਾਬੋ ਜ਼ਿਲ੍ਹਾ ਬਠਿੰਡਾ।

ਇਸ ਅਦਾਲਤ ਨੂੰ ਯਕੀਨ ਹੋ ਚੁੱਕਾ ਹੈ ਕਿ ਉਕਤ ਉੱਤਰਵਾਦੀਆਂ ਦੀ ਇਤਲਾਹ ਸਰਸਰੀ ਢੰਗ ਨਾਲ ਨਹੀਂ ਹੋ ਸਕਦੀ। ਇਸ ਲਈ ਇਸ ਇਸ਼ਤਿਹਾਰ ਰਾਹੀਂ ਸੂਚਿਤ ਕੀਤਾ ਜਾਂਦਾ ਹੈ ਕਿ ਜੇਕਰ ਉਕਤ ਉੱਤਰਵਾਦੀ ਵਿਸ਼ੇ ਵਿੱਚ ਦਰਜ ਕੇਸ ਦੀ ਪੈਰਵੀ ਕਰਨੀ ਚਾਹੁੰਦਾ/ਚਾਹੁੰਦੀ ਹੈ ਤਾਂ ਉਹ ਅਸਾਲਤਨ/ਵਕਾਲਤਨ ਇਸ ਅਦਾਲਤ ਵਿੱਚ ਮਿਤੀ 11.10.2023 ਤੋਂ ਪਹਿਲਾਂ-ਪਹਿਲਾਂ ਪੇਸ਼ ਹੋ ਕਰ ਕੇਸ ਦੀ ਪੈਰਵੀ ਕਰ ਸਕਦਾ ਹੈ। ਬਾਅਦ ਗੁਜ਼ਰਨੇ ਮਿਆਦ ਕਾਰਵਾਈ ਇਕਤਰਫਾ ਅਮਲ ਵਿੱਚ ਲਿਆਂਦੀ ਜਾਵੇਗੀ। ਇਹ ਕੇਸ ਮਿਤੀ 11.10.2023 ਨੂੰ ਸੁਣਵਾਈ ਲਈ ਨਿਯਤ ਹੈ।

ਇਹ ਨੋਟਿਸ ਅੱਜ ਮੇਰੇ ਦਸਤਖਤਾਂ ਅਤੇ ਮੋਹਰ ਹੇਠ ਜਾਰੀ ਕੀਤਾ ਗਿਆ ਹੈ।

ਕਮਿਸ਼ਨਰ, ਫਰੀਦਕੋਟ ਮੰਡਲ, ਫਰੀਦਕੋਟ।
ਪਿੰਨ ਅੰਕਣ ਨੰ: ਪੇਸ਼ੀ-2023/926/ਮਿਤੀ : 18.8.2023

ਭਰਤੀ ਸਬੰਧੀ ਨੋਟਿਸ

ਆਈ. ਐੱਮ. ਸੀ. ਸਰਕਾਰੀ ਆਈ ਟੀ ਆਈ (ਇ), ਡੇਰਾ ਬਟਾਲਾ ਰੋਡ, ਡੇਰਾ ਬਾਬਾ ਨਾਨਕ ਵੱਲੋ ਗੈਸਟ ਫੈਕਲਟੀ (ਮੁਕੰਮਲ ਠੇਕਾ ਆਧਾਰ) ਤੌਰ 'ਤੇ ਸੈਸ਼ਨ 2023-24 (ਇੱਕ ਸਾਲਾ ਟਰੇਡ) ਲਈ ਫੈਸ਼ਨ ਡਿਜ਼ਾਇਨ ਐਂਡ ਟੈਕਨੋਲੋਜੀ ਇੰਸਟਰਕਟਰ ਦੀ ਅਸਾਮੀ ਲਈ ਪ੍ਰਤੀ ਬੇਨਤੀ ਦੀ ਮੰਗ ਦਸਤੀ ਮਿਤੀ 13/09/2023 ਤੋਂ 27/09/2023 (ਸ਼ਾਮ 04.00 ਵਜੇ ਤੱਕ) ਕੀਤੀ ਜਾਂਦੀ ਹੈ।

ਯੋਗਤਾ, ਵੈਬਸਾਈਟ : https://dgt.gov.in/sites/default/files/CTSFashion Designand Technology_CTS_NSQF-4.pdf details ਤੇ ਸਬੰਧਤ ਟਰੇਡ ਦੇ ਸਿਲੇਬਸ ਅਤੇ ਡੀ.ਜੀ.ਟੀ ਦੇ ਪੱਤਰ ਨੰ. MSDE(DGT)-19/7/2020-CD(E34744) dated 30 June 2023 ਅਨੁਸਾਰ ਅਤੇ ਸਮਰੱਥ ਅਥਾਰਟੀ ਤੋਂ ਕਾਊਂਟਰਸਾਈਨ ਤਜਰਬਾ ਸਰਟੀਫਿਕੇਟ ਚਾਹੀਦਾ ਹੈ ਅਤੇ ਤਜਰਬਾ ਮਿਤੀ 01.09.2023 ਤੱਕ ਦਾ ਵਿਚਾਰਿਆ ਜਾਵੇਗਾ।

ਉਮਰ ਸੀਮਾ 21 ਤੋ 37 ਸਾਲ (ਕੱਟ ਆਫ ਡੇਟ 01.09.2023)

ਤਨਖਾਹ 15000/- (ਪੰਦਰਾਂ ਹਜ਼ਾਰ) ਪ੍ਰਤੀ ਮਹੀਨਾ (ਉੱਕਾ-ਪੱਕਾ)

ਜੋ ਉਮੀਦਵਾਰ ਮਿਤੀ 27/09/2023 (ਸ਼ਾਮ 04.00 ਵਜੋਂ ਤੋਂ ਪਹਿਲਾਂ) ਪ੍ਰਤੀ ਬੇਨਤੀ ਜਮ੍ਹਾਂ ਕਰਵਾਉਣਗੇ, ਉਹ ਇੰਟਰਵਿਊ ਲਈ ਮਿਤੀ 03/10/2023 ਨੂੰ ਸਵੇਰੇ 11.00 ਵਜੇ ਤੋਂ ਪਹਿਲਾਂ ਇਸ ਦਫਤਰ ਵਿਖੇ ਪਹੁੰਚ ਕਰਨ।

ਮਿਤੀ 27/09/2023 ਤੋਂ ਸ਼ਾਮ 04.00 ਵਜੇ ਤੋਂ ਬਾਅਦ ਪ੍ਰਾਪਤ ਪ੍ਰਤੀ ਬੇਨਤੀਆਂ ਨੂੰ ਵਿਚਾਰਿਆ ਨਹੀਂ ਜਾਵੇਗਾ। ਇਸ ਇਸ਼ਤਿਹਾਰ ਦਾ ਪੱਕੀ ਸਰਕਾਰੀ ਨੌਕਰੀ ਨਾਲ ਕੋਈ ਸਬੰਧ ਨਹੀਂ ਹੈ।

ਮੈਂਬਰ ਸੈਕਟਰੀ (ਆਈ ਐੱਮ ਸੀ)
ਸਰਕਾਰੀ ਆਈ ਟੀ ਆਈ (ਇ)
ਡੇਰਾ ਬਾਬਾ ਨਾਨਕ

LOST FOUND

ਮੈਂ ਪਲਵਿੰਦਰ ਸਿੰਘ ਪੁੱਤਰ ਅਵਤਾਰ ਸਿੰਘ ਵਾਸੀ ਉਮਰਪੁਰਾ, ਜਲੰਧਰ ਰੋਡ, ਤਹਿਸੀਲ ਬਟਾਲਾ, ਜਿ ?ਲ੍ਹਾ ਗੁਰਦਾਸਪੁਰ। ਮੇਰੇ ਕੋਲੋ ਪਲਾਟ (0-6 ਮਰਲੇ) ਦੀ ਪੁਰਾਣੀ ਰਜਿਸਟਰੀ ਜੋ ਰਾਕੇਸ਼ ਕੁਮਾਰ ਪੁੱਤਰ ਬਨਾਰਸੀ ਦਾਸ ਵਾਸੀ ਧਰਮਪੁਰਾ ਕਲੋਨੀ ਬਟਾਲਾ ਤੋਂ ਸਰਬਜੀਤ ਸਿੰਘ ਪੁੱਤਰ ਕਪੂਰ ਸਿੰਘ ਵਾਸੀ ਉਮਰਪੁਰਾ, ਬਟਾਲਾ ਦੇ ਨਾਮ ਵਸੀਕਾ ਨੰ: 1295 ਮਿਤੀ 31/05/2010 ਨੂੰ ਰਜਿਸਟਰੀ ਹੋਈ ਸੀ, ਜੋਂ ਕਿ ਮੇਰੇ ਕੋਲੋ ਕੀਤੇ ਗੁੰਮ ਹੋ ਗਈ ਹੈ। ਜੇ ਕਰ ਕਿੱਸੇ ਨੂੰ ਮਿਲਦੀ ਹੈ ਤਾਂ ਉੱਪਰ ਦਿੱਤੇ ਗਏ ਪੱਤੇ ਤੇ ਸੂਚਿਤ ਕਰਨ।

Public Notice

It is general information that I, Simranjit D/o Gurdeep Singh R/o H.No. B-1/13, Anand Nagar, Maqsudan, Jalandhar, Punjab,144008 declare that my name Simranjit and my mother name Sudesh Kumari has been wrongly written in my educational documents. The actual my name is Simranjit Kaur and my mother name is Inderjit Kaur respectively Which may be amended accordingly.

ਗੁੰਮ

ਅਸਲ ਵਸੀਕਾ ਨੰਬਰ 2159, 2160 ਮਿਤੀ 25.11.1993 ਜੋ ਮੈ/ਸ: ਸ਼ਿਵ ਸ਼ਕਤੀ ਸਟੀਲ ਟਿਊਬਜ ਦੇ ਨਾਮ ਸਨ, ਮਿਤੀ 04.06.2023 ਨੂੰ ਦਿੜਬਾ ਵਿੱਚ ਗੁੰਮ ਹੋ ਗਈਆਂ ਹਨ। ਇਸ ਸਬੰਧੀ ਥਾਣਾ ਦਿੜਬਾ ਵਿਖੇ ਡੀ.ਡੀ.ਆਰ ਨੰਬਰ 23 ਮਿਤੀ 11.09.2023 ਦਰਜ ਕਰਵਾ ਦਿੱਤੀ ਹੈ। ਜੇਕਰ ਕਿਸੇ ਨੂੰ ਮਿਲੇ ਤਾਂ ਸੰਪਰਕ ਕਰੇ। ਵਿਪਨ ਕੁਮਾਰ ਪੁੱਤਰ ਸੁਰਿੰਦਰ ਕੁਮਾਰ, ਵਾਸੀ ਦਿੜਬਾ। ਸੰਪਰਕ ਨੰਬਰ 9876856388

ਸਫੈਦਿਆਂ ਦੀ ਬੋਲੀ

ਸਰਕਾਰੀ ਪ੍ਰਾਇਮਰੀ ਸਕੂਲ ਈਸੇਵਾਲ, ਤਹਿਸੀਲ ਸ਼ਾਹਕੋਟ, ਜਲੰਧਰ ਵਿਖੇ 37 ਸਫੈਦਿਆਂ ਦੀ ਖੁੱਲ੍ਹੀ ਬੋਲੀ ਮਿਤੀ 15.09.2023 ਦਿਨ ਬੁੱਧਵਰਵਾਰ ਸਵੇਰੇ 10 ਵਜੇ ਹੋਵੇਗੀ। ਚੇਅਰਪਰਸਨ
ਸਕੂਲ ਮੈਨੇਜਮੈਂਟ ਕਮੇਟੀ, ਸਰਕਾਰੀ ਪ੍ਰਾਇਮਰੀ ਸਕੂਲ ਈਸੇਵਾਲ, ਤਹਿਸੀਲ ਸ਼ਾਹਕੋਟ (ਜਲੰਧਰ)

ਆਮ ਸੂਚਨਾ

ਮੈਂ ਬਲਦੇਵ ਸਿੰਘ ਪੁੱਤਰ ਤਾਰਾ ਸਿੰਘ ਵਾਸੀ ਪਿੰਡ ਅਕਾਲਗੜ੍ਹ ਢਪਈਆਂ ਤਹਿਸੀਲ ਜਿਲ੍ਹਾ ਅੰਮ੍ਰਿਤਸਰ ਬਿਆਨ ਕਰਦਾ ਹਾਂ ਕਿ ਮੇਰੇ ਪਾਸਪੋਰਟ ਨੰਬਰ **F 3225782** ਵਿੱਚ ਮੇਰੀ ਪਤਨੀ ਦਾ ਨਾਮ ਗਲਤੀ ਨਾਲ **DEVINDR KAUR** ਲਿਖਿਆ ਗਿਆ ਹੈ ਉਸ ਦਾ ਸਹੀ ਨਾਮ **DAWINDER KAUR** ਹੈ। ਸਬੰਧਤ ਨੋਟ ਕਰਨ। (Tarsem)

ਮੈਂ, ਨੇਕ ਸਿੰਘ ਪੁੱਤਰ ਬਿੱਕਰ ਸਿੰਘ ਪੁੱਤਰ ਇੰਦਰ ਸਿੰਘ ਵਾਸੀ ਪਿੰਡ ਮਾਣੂੰਕੇ, ਤਹਿ: ਨਿਹਾਲ ਸਿੰਘ ਵਾਲਾ, ਜ਼ਿਲ੍ਹਾ ਮੋਗਾ, ਇਹ ਕਿ ਜਮਾਂਬੰਦੀ ਵਿੱਚ ਮੇਰਾ ਨਾਂਅ ਨੇਕ ਸਿੰਘ ਹੈ ਅਤੇ ਅਧਾਰ ਕਾਰਡ ਵਿੱਚ ਮੇਰਾ ਨਾਂਅ ਹਰਨੇਕ ਸਿੰਘ ਹੈ। ਮੇਰੇ ਦੋਨੋਂ ਨਾਂਅ ਸਹੀ ਅਤੇ ਦਰੁੱਸਤ ਹਨ। ਇਸ ਸੰਬੰਧੀ ਮੈਂ ਜ਼ਿੰਮੇਵਾਰ ਹਾਂ। ਇਹ ਕਿ ਮੈਂ ਉਕਤ ਦੋਨਾਂ ਨਾਵਾਂ ਦਾ ਇੱਕ ਹੀ ਵਿਅਕਤੀ ਹਾਂ।

ਮੈਂ, ਨੇਕ ਸਿੰਘ ਮੁਤਬੰਨਾ ਕਰਤਾਰ ਸਿੰਘ ਪੁੱਤਰ ਇੰਦਰ ਸਿੰਘ ਵਾਸੀ ਪਿੰਡ ਮਾਣੂੰਕੇ, ਤਹਿ: ਨਿਹਾਲ ਸਿੰਘ ਵਾਲਾ, ਜ਼ਿਲ੍ਹਾ ਮੋਗਾ, ਇਹ ਕਿ ਅਧਾਰ ਕਾਰਡ ਵਿੱਚ ਮੇਰਾ ਨਾਂਅ ਹਰਨੇਕ ਸਿੰਘ ਪੁੱਤਰ ਬਿੱਕਰ ਸਿੰਘ ਪੁੱਤਰ ਇੰਦਰ ਸਿੰਘ ਹੈ। ਉਕਤ ਦੋਨੋਂ ਨਾਂਅ ਸਹੀ ਤੇ ਦਰੁੱਸਤ ਹਨ। ਇਸ ਸੰਬੰਧੀ ਮੈਂ ਜ਼ਿੰਮੇਵਾਰ ਹਾਂ। ਇਹ ਕਿ ਮੈਂ ਉਕਤ ਦੋਵਾਂ ਨਾਵਾਂ ਦਾ ਇੱਕ ਹੀ ਵਿਅਕਤੀ ਹਾਂ।

ਇਕ ਟਿਊਵੈੱਲ ਕੁਨੈਕਸ਼ਨ ਜਿਸ ਦਾ ਖਾਤਾ ਨੰਬਰ 130019 ਹੈ। ਜੋ ਕਿ ਸ੍ਰੀ ਮੁਖਤਾਰ ਸਿੰਘ ਪੁੱਤਰ ਸ੍ਰੀ ਗੁਰਬਖਸ਼ ਸਿਘ ਵਾਸੀ ਪਿੰਡ ਫੇਲੋਕੇ ਜਿਲਾ ਤਰਨਤਾਰਨ ਦੇ ਨਾਮ ਉਪਰ ਚੱਲ ਰਿਹਾ ਹੈ ਇਸ ਕੁਨੈਕਸ਼ਨ ਨੂੰ ਸ੍ਰੀ ਰਣਜੀਤ ਸਿੰਘ ਪੁੱਤਰ ਸ੍ਰੀ ਮੁਖਤਾ

13-SEP-PAGE-7.qxd 9/12/2023 10:56 PM Page 1

ਮਾਮਲਾ ਫਾਇਨਾਂਸ ਕੰਪਨੀ ਵੱਲੋਂ ਟਰੱਕ ਦਾ ਸਾਮਾਨ ਕੱਢੇ ਜਾਣ ਦਾ

ਬੀ ਕੇ ਯੂ ਏਕਤਾ ਉਗਰਾਹਾਂ ਵੱਲੋਂ ਘੱਗਾ ਥਾਣੇ ਦਾ ਘਿਰਾਓ

ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)- ਸੰਗਰੂਰ ਦੀ ਫਾਇਨਾਂਸ ਕੰਪਨੀ ਵੱਲੋਂ ਟਰੱਕ ਉਤੇ ਲਏ ਗਏ ਕਰਜ਼ੇ ਦੀਆਂ ਕਿਸ਼ਤਾਂ ਨਾ ਮੋੜਨ ਕਰਕੇ ਚੁੱਕੇ ਗਏ ਟਰੱਕ ਦਾ ਸਾਮਾਨ ਫਾਇਨੈਂਸ ਕੰਪਨੀ ਦੇ ਮੁਲਾਜ਼ਮਾਂ ਵੱਲੋਂ ਉਤਾਰ ਲੈਣ ਕਰਕੇ ਟਰੱਕ ਮਾਲਕ ਵੱਲੋਂ ਦਿੱਤੀ ਗਈ ਸ਼ਿਕਾਇਤ ਉੱਤੇ ਪੁਲਸ ਵੱਲੋਂ ਕੋਈ ਕਾਰਵਾਈ ਨਾ ਕੀਤੇ ਜਾਣ ਦੇ ਰੋਸ ਵਜੋਂ ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਦੀ ਅਗਵਾਈ ਵਿੱਚ ਸੈਂਕੜਿਆਂ ਦੀ ਗਿਣਤੀ ਵਿੱਚ ਕਿਸਾਨਾਂ ਨੇ ਪੁਲਸ ਥਾਣਾ ਘੱਗਾ ਦਾ ਘਿਰਾਓ ਕਰਕੇ ਥਾਣੇ ਦੇ ਗੇਟ ਸਾਹਮਣੇ ਅਣਮਿੱਥੇ ਸਮੇਂ ਦਾ ਵਿਸ਼ਾਲ ਧਰਨਾ ਦਿੱਤਾ। ਇਸ ਦੌਰਾਨ ਡੀ ਐੱਸ ਪੀ ਪਾਤੜਾਂ ਦਲਜੀਤ ਸਿੰਘ ਵਿਰਕ ਵੱਲੋਂ ਮੌਕੇ ਉੱਤੇ ਪਹੁੰਚ ਕੇ ਦਿੱਤੇ ਗਏ ਭਰੋਸੇ ਮਗਰੋਂ ਕਿਸਾਨਾਂ ਨੇ ਧਰਨਾ ਮੁਲਤਵੀ ਕਰਦਿਆਂ ਮਿੱਥੇ ਸਮੇਂ ਅੰਦਰ ਕਾਰਵਾਈ ਨਾ ਕੀਤੇ ਜਾਣ ’ਤੇ ਸੰਘਰਸ਼ ਦੀ ਚਿਤਾਵਨੀ ਦਿੰਦਿਆਂ ਪੰਜਾਬ ਪੁਲਸ ਖਿਲਾਫ ਜ਼ੋਰਦਾਰ ਨਾਅਰੇਬਾਜ਼ੀ ਕੀਤੀ। ਜਾਣਕਾਰੀ ਦਿੰਦਿਆਂ ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਦੇ ਬਲਾਕ ਪ੍ਰਧਾਨ ਅਮਰੀਕ ਸਿੰਘ ਘੱਗਾ ਨੇ ਦੱਸਿਆ ਕਿ ਸੰਗਰੂਰ ਜ਼ਿਲ੍ਹੇ ਦੇ ਪਿੰਡ ਕਾਲਾਝਾੜ ਵਾਸੀ ਕਿਸਾਨ ਨੇ ਆਪਣੇ ਟਰੱਕ ਉੱਤੇ 10 ਲੱਖ ਰੁਪਏ ਦਾ ਕਰਜ਼ਾ ਲਿਆ ਸੀ, ਜਿਸ ਵਿੱਚੋਂ ਸੱਤ ਲੱਖ ਰੁਪਏ ਉਸ ਨੇ ਵਾਪਸ ਕਰ ਦਿੱਤੇ ਸਨ, ਪਰ ਕਿਸੇ ਕੇਸ ਵਿੱਚ ਜੇਲ੍ਹ ਜਾਣ ਕਰਕੇ ਉਸ ਤੋਂ ਕਰਜ਼ੇ ਦੀਆਂ ਕਿਸ਼ਤਾਂ ਟੁੱਟ ਗਈਆਂ। ਇਸ ਦੌਰਾਨ ਉਕਤ ਵਿਅਕਤੀ ਨੇ ਟਰੱਕ ਘੱਗਾ ਵਿਖੇ ਆਪਣੇ ਸਹੁਰਿਆਂ ਦੇ ਘਰ ਖੜਾ ਕਰ ਦਿੱਤਾ, ਪਰ ਕੁਝ ਦਿਨ ਪਹਿਲਾਂ ਸੰਗਰੂਰ ਦੀ ਸੱਤਿਅਮ ਫਾਈਨਾਂਸ ਕੰਪਨੀ ਦੇ ਮੁਲਾਜ਼ਮ ਟਰੱਕ ਲੈ ਗਏ। ਉਨ੍ਹਾ ਦੱਸਿਆ ਕਿ ਪਰਿਵਾਰਕ ਮੈਂਬਰਾਂ ਦੇ ਦੱਸਣ ਮੁਤਾਬਿਕ ਫਾਈਨਾਂਸ ਕੰਪਨੀ ਦੇ ਮੁਲਾਜ਼ਮਾਂ ਵੱਲੋਂ ਕੰਪਨੀ ਮੈਨੇਜਰ ਦੀ ਮਿਲੀਭੁਗਤ ਨਾਲ ਟਰੱਕ ਦਾ ਤਕਰੀਬਨ ਚਾਰ ਪੰਜ ਲੱਖ ਰੁਪਏ ਦਾ ਸਾਮਾਨ ਉਤਾਰ ਲਿਆ ਗਿਆ। ਇਸ ਸਬੰਧੀ ਟਰੱਕ ਮਾਲਕ ਵੱਲੋਂ ਪੁਲਸ ਨੂੰ ਸ਼ਿਕਾਇਤ ਕੀਤੇ ਜਾਣ ਦੇ ਬਾਵਜੂਦ ਪੁਲਸ ਕੋਈ ਕਾਰਵਾਈ ਨਹੀਂ ਕਰ ਰਹੀ, ਜਿਸ ਦੇ ਚਲਦਿਆਂ ਜਥੇਬੰਦੀ ਦੇ ਵਰਕਰਾਂ ਵੱਲੋਂ ਪੁਲਸ ਥਾਣਾ ਘੱਗਾ ਦਾ ਘੇਰਾ ਕੀਤਾ ਗਿਆ ਹੈ। ਉਨ੍ਹਾਂ ਦੱਸਿਆ ਕਿ ਫਿਲਹਾਲ ਡੀ ਐੱਸ ਪੀ ਪਾਤੜਾਂ ਵੱਲੋਂ ਤਿੰਨ ਦਿਨਾਂ ’ਚ ਮਾਮਲੇ ਦੀ ਪੜਤਾਲ ਕਰਕੇ ਬਣਦੀ ਕਾਰਵਾਈ ਦਾ ਭਰੋਸਾ ਦਿੱਤਾ ਗਿਆ ਹੈ। ਉਨ੍ਹਾਂ ਚਿਤਾਵਨੀ ਦਿੱਤੀ ਕਿ ਜੇਕਰ ਪੁਲਸ ਨੇ ਫਾਇਨਾਂਸ ਕੰਪਨੀ ਦੇ ਕਥਿਤ ਦੋਸ਼ੀ ਮੁਲਾਜ਼ਮਾਂ ਖਿਲਾਫ ਕਾਰਵਾਈ ਨਾ ਕੀਤੀ ਤਾਂ ਸੰਘਰਸ਼ ਨੂੰ ਹੋਰ ਤਿੱਖਾ ਕੀਤਾ ਜਾਵੇਗਾ। ਇਸ ਮੌਕੇ ਹੋਰਨਾਂ ਤੋਂ ਇਲਾਵਾ ਬਲਾਕ ਸਕੱਤਰ ਅਵਤਾਰ ਸਿੰਘ ਬੂਰੜ, ਗੁਰਮੁੱਖ ਸਿੰਘ ਕਲਵਾਨੂੰ, ਗੁਰਜਿੰਦਰ ਸਿੰਘ ਸਧਾਰਨਪੁਰ, ਅਜੈਬ ਸਿੰਘ ਦਫਤਰੀਵਾਲਾ ਤੇ ਬਲਮ ਸਿੰਘ ਨਿਆਲ ਆਦਿ ਹਾਜ਼ਰ ਸਨ। ਮਾਮਲੇ ਸੰਬੰਧੀ ਥਾਣਾ ਘੱਗਾ ਦੇ ਮੁਖੀ ਅਮਨਪਾਲ ਸਿੰਘ ਵਿਰਕ ਨੇ ਦੋਸ਼ਾਂ ਦਾ ਖੰਡਨ ਕਰਦਿਆਂ ਕਿਹਾ ਕਿ ਪੁਲਸ ਦਾ ਮਾਮਲੇ ਨਾਲ ਸਿੱਧਾ ਕੋਈ ਸੰਬੰਧ ਨਹੀਂ। ਕਿਸਾਨ ਜਥੇਬੰਦੀ ਵੱਲੋਂ ਲਗਾਏ ਗਏ ਧਰਨੇ ਨੂੰ ਗਲਤ ਕਰਾਰ ਦਿੰਦਿਆਂ ਕਿਹਾ ਕਿ ਪੁਲਸ ਮਾਮਲੇ ਦੀ ਪੜਤਾਲ ਕਰ ਰਹੀ ਹੈ। ਫਾਇਨਾਂਸ ਕੰਪਨੀ ਦੇ ਅਧਿਕਾਰੀਆਂ ਨੂੰ ਬੁਲਾਇਆ ਗਿਆ ਹੈ, ਜਲਦੀ ਮਾਮਲੇ ਦਾ ਹੱਲ ਕਰ ਲਿਆ ਜਾਵੇਗਾ।

ਡਿਊਟੀ ਦੌਰਾਨ ਤਬੀਅਤ ਵਿਗੜਨ ਨਾਲ ਪੰਚਾਇਤ ਸਕੱਤਰ ਦੀ ਮੌਤ

■ ਬੀ ਡੀ ਪੀ ਓ ਦਫਤਰ ਬਸੀ ਪਠਾਣਾਂ ਵਿਖੇ ਸੀ ਤਾਇਨਾਤ

ਸ੍ਰੀ ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)-ਡਿਊਟੀ ਦੌਰਾਨ ਤਬੀਅਤ ਵਿਗੜਨ ’ਤੇ ਹਸਪਤਾਲ ਦਾਖਲ ਕਰਵਾਏ ਗਏ ਪੰਚਾਇਤ ਸਕੱਤਰ ਗੁਰਵਿੰਦਰ ਸਿੰਘ ਦੀ ਮੌਤ ਹੋ ਜਾਣ ਦਾ ਸਮਾਚਾਰ ਹੈ। ਬਸੀ ਪਠਾਣਾਂ ਬੀ.ਡੀ.ਪੀ.ਓ. ਦਫਤਰ ਵਿਖੇ ਪੰਚਾਇਤ ਸਕੱਤਰ ਵਜੋਂ ਤਾਇਨਾਤ ਗੁਰਵਿੰਦਰ ਸਿੰਘ ਵਾਸੀ ਖਰੜ ਦੇ ਪੁੱਤਰ ਜਸਪ੍ਰੀਤ ਸਿੰਘ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ ਦੱਸਿਆ ਕਿ ਉਸ ਦੇ ਪਿਤਾ ਗੁਰਵਿੰਦਰ ਸਿੰਘ ਸ਼ੂਗਰ ਦੀ ਬਿਮਾਰੀ ਤੋਂ ਪੀੜਤ ਸਨ, ਜਿਸ ਕਾਰਨ ਉਨ੍ਹਾਂ ਦਾ ਹੱਥ ਤੇ ਲੱਤ ਵੀ ਖਰਾਬ ਹੋ ਗਈ ਸੀ ਅਤੇ ਬੀਤੇ ਕੱਲ੍ਹ ਜਦੋਂ ਉਹ ਡਿਊਟੀ ’ਤੇ ਮੌਜੂਦ ਸਨ ਤਾਂ ਉਨ੍ਹਾਂ ਦੀ ਤਬੀਅਤ ਇੱਕਦਮ ਵਿਗੜ ਗਈ, ਜਿਸ ’ਤੇ ਉਨ੍ਹਾਂ ਦੇ ਸਾਥੀ ਕਰਮਚਾਰੀਆਂ ਵੱਲੋਂ ਉਨ੍ਹਾਂ ਨੂੰ ਸੈਕਟਰ 32 ਹਸਪਤਾਲ ਚੰਡੀਗੜ੍ਹ ਵਿਖੇ ਦਾਖਲ ਕਰਵਾਇਆ ਗਿਆ, ਪਰ ਇਲਾਜ ਦੌਰਾਨ ਉਨ੍ਹਾਂ ਦੀ ਮੌਤ ਹੋ ਗਈ। ਐੱਸ.ਐੱਚ.ਓ. ਥਾਣਾ ਬਸੀ ਪਠਾਣਾਂ ਇੰਸਪੈਕਟਰ ਹਰਵਿੰਦਰ ਸਿੰਘ ਨੇ ਦੱਸਿਆ ਕਿ ਚੰਡੀਗੜ੍ਹ ਦੇ ਹਸਪਤਾਲ ਤੋਂ ਪੰਚਾਇਤ ਸਕੱਤਰ ਗੁਰਵਿੰਦਰ ਸਿੰਘ ਦੀ ਮੌਤ ਹੋ ਜਾਣ ਸਬੰਧੀ ਸੂਚਨਾ ਮਿਲੀ ਸੀ, ਜਿਸ ਸਬੰਧੀ ਕੀਤੀ ਜਾ ਰਹੀ ਜਾਂਚ ਦੌਰਾਨ ਮ੍ਰਿਤਕ ਦੇ ਪਰਿਵਾਰਕ ਮੈਂਬਰਾਂ ਨੇ ਪੁਲਸ ਨੂੰ ਦੱਸਿਆ ਕਿ ਗੁਰਵਿੰਦਰ ਸਿੰਘ ਦੀ ਮੌਤ ਕੁਦਰਤੀ ਹੋਈ ਹੈ, ਜਿਸ ਸਬੰਧੀ ਉਨ੍ਹਾਂ ਨੂੰ ਕੋਈ ਸ਼ੱਕ-ਸ਼ੁਭਾ ਨਹੀਂ ਹੈ ਤੇ ਉਹ ਕਿਸੇ ਵਿਰੁੱਧ ਕੋਈ ਕਾਰਵਾਈ ਨਹੀਂ ਕਰਵਾਉਣਾ ਚਾਹੁੰਦੇ। ਉਨ੍ਹਾ ਦੱਸਿਆ ਕਿ ਲਾਸ਼ ਦਾ ਪੋਸਟਮਾਰਟਮ ਕਰਵਾਇਆ ਜਾ ਰਿਹਾ ਹੈ ਤੇ ਵਾਰਿਸਾਂ ਦੇ ਬਿਆਨਾਂ ’ਤੇ ਮਾਮਲੇ ’ਚ ਅ/ਧ 174 ਸੀ.ਆਰ.ਪੀ.ਸੀ. ਤਹਿਤ ਕਾਰਵਾਈ ਅਮਲ ’ਚ ਲਿਆਂਦੀ ਜਾ ਰਹੀ ਹੈ। ਮ੍ਰਿਤਕ ਦੇ ਪੁੱਤਰ ਤੇ ਪਤਨੀ ਮਨਜੀਤ ਕੌਰ ਨੇ ਗੁਰਵਿੰਦਰ ਸਿੰਘ ਦੀ ਮੌਤ ਨੂੰ ਕੁਦਰਤੀ ਦੱਸਦੇ ਹੋਏ ਸਰਕਾਰ ਤੋਂ ਮੁਆਵਜ਼ੇ ਦੀ ਅਤੇ ਪਰਿਵਾਰ ਦੇ ਇੱਕ ਮੈਂਬਰ ਨੂੰ ਸਰਕਾਰੀ ਨੌਕਰੀ ਦਿੱਤੇ ਜਾਣ ਦੀ ਮੰਗ ਕੀਤੀ।

ਹਰੀ ਨੌ ਦੇ ਸਕੂਲ ਦੇ ਵਿਦਿਆਰਥੀਆਂ ਨੇ ਲਾਇਆ ਸਾਇੰਸ ਸਿਟੀ ਦਾ ਟੂਰ

ਕੋਟਕਪੂਰਾ (ਰਛਪਾਲ ਭੁੱਲਰ)-ਜ਼ਿਲ੍ਹਾ ਸਿੱਖਿਆ ਅਫ਼ਸਰ ਮੇਵਾ ਸਿੰਘ ਸਿੱਧੂ ਅਤੇ ਉਪ ਜ਼ਿਲ੍ਹਾ ਸਿੱਖਿਆ ਅਫ਼ਸਰ ਪ੍ਰਦੀਪ ਦਿਓੜਾ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਹਰੀ ਨੌ ਦੇ ਵਿਦਿਆਰਥੀਆਂ ਦਾ ਇੱਕ ਰੋਜ਼ਾ ਵਿੱਦਿਅਕ ਟੂਰ ਪ੍ਰਿੰਸੀਪਲ ਨਵਦੀਪ ਸ਼ਰਮਾ ਦੀ ਯੋਗ ਅਗਵਾਈ ਹੇਠ ਸਾਇੰਸ ਸਿਟੀ ਕਪਰੂਥਲਾ ਲਿਜਾਇਆ ਗਿਆ। ਟੂਰ ’ਚ ਗਏ ਬੱਚਿਆਂ ਨੂੰ ਸਾਇੰਸ ਸਿਟੀ ਦੀ ਯਾਤਰਾ ਦੌਰਾਨ ਵੱਖ-ਵੱਖ ਸ਼ੋਅ ਅਤੇ ਪ੍ਰੋਜੈਕਟ ਦਿਖਾਏ ਗਏ। ਵਿੱਦਿਅਕ ਟੂਰ ਰਵਾਨਾ ਕਰਨ ਸਮੇਂ ਪ੍ਰਿੰਸੀਪਲ ਨਵਦੀਪ ਸ਼ਰਮਾ, ਐਸ ਐਮ ਸੀ ਚੇਅਰਮੈਨ ਅੰਗਰੇਜ਼ ਸਿੰਘ ਗੋਰਾ, ਸਾਬਕਾ ਐੱਸ ਐਮ ਸੀ ਚੇਅਰਮੈਨ ਰਾਜਿੰਦਰ ਸਿੰਘ ਰਾਜੂ, ਗੇਜ ਰਾਮ ਭੌਰਾ ਐਸ ਐਮ ਸੀ ਮੈਂਬਰ ਰਿਟਾ. ਮੁੱਖ ਅਧਿਆਪਕ, ਅਮਰਜੀਤ ਸਿੰਘ ਐੱਸ ਐਮ ਸੀ ਮੈਂਬਰ, ਬੂਟਾ ਸਿੰਘ ਪੰਚਾਇਤ ਮੈਂਬਰ ਅਤੇ ਬੱਚਿਆਂ ਦੇ ਮਾਪੇ ਹਾਜ਼ਰ ਸਨ। ਬੱਚਿਆਂ ਦੀ ਅਗਵਾਈ ਸਾਇੰਸ ਅਧਿਆਪਕਾ ਪਰਮਜੀਤ ਕੌਰ ਅਤੇ ਸਾਇੰਸ ਅਧਿਆਪਕ ਹੇਮੰਤ ਕੁਮਾਰ ਨੇ ਕੀਤੀ।

ਗਤਕਾ ਖਿਡਾਰੀਆਂ ਦੀ ਰਾਸ਼ਟਰੀ ਖੇਡਾਂ ਲਈ ਚੋਣ

ਸ੍ਰੀ ਫਤਿਹਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)-ਗਤਕਾ ਫੇਡਰੇਸ਼ਨ ਆਫ ਇੰਡੀਆ ਤੇ ਨੈਸ਼ਨਲ ਗਤਕਾ ਐਸੋਸੀਏਸ਼ਨ ਵੱਲੋਂ ਜ਼ਿਲ੍ਹਾ ਲੁਧਿਆਣਾ ਵਿਖੇ 37 ਵੀਆਂ ਨੈਸ਼ਨਲ ਗੇਮਜ਼ ਗੋਆ ਲਈ ਮਰਦ ਤੇ ਔਰਤ ਵਰਗ ਦੇ ਟ੍ਰਾਇਲ ਕਰਵਾਏ ਗਏ। ਇਨ੍ਹਾਂ ਟ੍ਰਾਇਲ ’ਚ ਤਕਰੀਬਨ 100 ਲੜਕੇ ਤੇ 80 ਦੇ ਕਰੀਬ ਲੜਕੀਆਂ ਨੇ ਭਾਗ ਲਿਆ। ਇਨ੍ਹਾਂ ’ਚੋਂ 11 ਲੜਕੀਆਂ ਤੇ 11 ਲੜਕਿਆਂ ਦੀ ਚੋਣ ਪੰਜਾਬ ਦੀ ਟੀਮ ’ਚ ਹੋਈ। ਇਨ੍ਹਾਂ ਟ੍ਰਾਇਲ ’ਚ ਪੰਜਾਬ ਭਰ ਤੋਂ ਸਟੇਟ ਚੈਂਪੀਅਨਸ਼ਿਪ ’ਚੋਂ ਗੋਲਡ ਤੇ ਸਿਲਵਰ ਮੈਡਲ ਵਾਲੇ ਖ਼ਿਡਾਰੀਆ ਨੇ ਭਾਗ ਲਿਆ। ਇਸ ਮੌਕੇ ਤਲਵਿੰਦਰ ਸਿੰਘ ਗਤਕਾ ਕੋਚ ਨੇ ਦੱਸਿਆ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਵਰਲਡ ਯੂਨੀਵਰਸਿਟੀ ਦੀਆਂ 3 ਲੜਕੀਆਂ ਰਾਜਵੀਰ ਕੌਰ, ਅਮਨਦੀਪ ਕੌਰ ਤੇ ਸਿਮਰਨ ਕੌਰ ਤੇ ਇਕ ਲੜਕੇ ਗੁਰਪ੍ਰੀਤ ਦੀ ਚੋਣ ਪੰਜਾਬ ਟੀਮ ’ਚ ਹੋਈ ਹੈ। ਇਨ੍ਹਾਂ ਨੈਸ਼ਨਲ ਗੇਮਜ਼ ਵਿਚ ਪਹਿਲੀ ਵਾਰ ਇੰਡੀਅਨ ਓਲਿੰਪਿਕ ਐਸੋਸੀਏਸ਼ਨ ਵੱਲੋਂ ਪੰਜਾਬ ਦੀ ਗਤਕਾ ਖੇਡ ਨੂੰ ਸ਼ਾਮਲ ਕੀਤਾ ਗਿਆ ਹੈ ਤੇ 1 ਤੇ 2 ਨਵੰਬਰ ਨੂੰ ਗਤਕਾ ਦੇ ਨੈਸ਼ਨਲ ਲੈਵਲ ਦੇ ਮੁਕਾਬਲੇ ਕਰਵਾਏ ਜਾਣਗੇ। ਯੂਨੀਵਰਸਿਟੀ ਦੇ ਵਾਇਸ ਚਾਂਸਲਰ ਡਾ. ਪ੍ਰਿਤਪਾਲ ਸਿੰਘ ਨੇ ਗਤਕਾ ਕੋਚ ਤਲਵਿੰਦਰ ਸਿੰਘ ਤੇ ਗਤਕਾ ਖ਼ਿਡਾਰੀਆਂ ਨੂੰ ਮੁਬਾਰਕਵਾਦ ਦਿਤੀ ਤੇ ਦੱਸਿਆ ਕਿ ਯੂਨੀਵਰਸਿਟੀ ਵਿਚ ਪੰਜਾਬ ਦੀ ਵਿਰਾਸਤੀ ਖੇਡ ਗਤਕਾ ਦਾ ਬਾਰ੍ਹਵੀਂ ਕਾਲਸ ਤੋਂ ਬਾਅਦ ਇਕ ਸਾਲ ਦਾ ਡਿਪਲੋਮਾ ਕੋਰਸ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਦੇ ਸਹਿਯੋਗ ਨਾਲ ਸਰੀਰਕ ਸਿੱਖਿਆ ਵਿਭਾਗ ਵਿਚ ਕਰਵਾਇਆ ਜਾਂਦਾ ਹੈ। ਇਸ ਮੌਕੇ ਡਾਕਟਰ ਹਰਦੇਵ ਸਿੰਘ, ਬਹਾਦਰ ਸਿੰਘ ਆਦਿ ਹਾਜ਼ਰ ਸਨ।

ਟਿੱਬੀ ਸਾਹਿਬ ਗਊਸ਼ਾਲਾ ’ਚ ਸਮਾਗਮ

ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)-ਸ਼ਹਿਰ ਦੇ ਟਿੱਬੀ ਸਾਹਿਬ ਗਊਸ਼ਾਲਾ ਵਿਖੇ ਮੰਗਲਵਾਰ ਨੂੰ ਪ੍ਰਧਾਨ ਅਮ੍ਰਿਤ ਲਾਲ ਖੁਰਾਣਾ ਦੀ ਅਗਵਾਈ ਹੇਠ ਗਊਸੇਵਾ ਨੂੰ ਸਮਰਪਤ ਸਮਾਗਮ ਕੀਤਾ ਗਿਆ। ਜਿਸ ’ਚ ਨਗਰ ਕੌਂਸਲ ਪ੍ਰਧਾਨ ਕ੍ਰਿਸ਼ਨ ਕੁਮਾਰ ਸ਼ੰਮੀ ਤੇਰੀਆ ਬਤੌਰ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਏ। ਇਸ ਮੌਕੇ ਸਨਾਤਨ ਧਰਮ ਪ੍ਰਚਾਰਕ ਪੰ. ਪੂਰਨ ਚੰਦਰ ਜੋਸ਼ੀ ਨੇ ਲੋਕਾਂ ਨੂੰ ਗਊ ਸੇਵਾ ਦਾ ਮਹੱਤਵ ਦੱਸਿਆ। ਪ੍ਰਸ਼ਾਸਨ ਤੇ ਸਰਕਾਰ ਤੋਂ ਸੜਕਾਂ ’ਤੇ ਬੇਸਹਾਰਾ ਫਿਰ ਰਹੀਆਂ ਗਊਆਂ ਤੇ ਪਸ਼ੂਆਂ ਦੀ ਸਾਂਭ-ਸੰਭਾਲ ਦੀ ਗੱਲ ’ਤੇ ਜ਼ੋਰ ਦਿੱਤਾ ਗਿਆ। ਪ੍ਰਧਾਨ ਅਮ੍ਰਿਤ ਲਾਲ ਖੁਰਾਣਾ ਨੇ ਕਿਹਾ ਕਿ ਪ੍ਰਸ਼ਾਸਨ ਗਾਵਾਂ ਦੇ ਨਾਂ ’ਤੇ ਕਾਊ ਸੈਸ ਤਾਂ ਇਕੱਠਾ ਕਰ ਲੈਂਦਾ ਹੈ ਪਰ ਗਊਆਂ ਦੀ ਸਾਂਭ ਸੰਭਾਲ ਨਹੀਂ ਕਰਦਾ। ਜਿਸ ਕਰਕੇ ਅਨੇਕਾਂ ਵਾਰ ਸੜਕੀ ਹਾਦਸੇ ਵੀ ਵਾਪਰ ਜਾਂਦੇ ਹਨ। ਸਮਾਗਮ ਮੌਕੇ ਦਿਵਿਆਂਸ਼ ਜੋਸ਼ੀ ਦੇ ਜਨਮ ਦਿਨ ਮੌਕੇ ਜੋਸ਼ੀ ਪਰਵਾਰ ਵੱਲੋਂ ਗਊਆਂ ਨੂੰ ਸਵਾਮਣੀ ਵੀ ਕਰਵਾਈ ਗਈ। ਪੰ. ਮੋਹਿਤ ਸ਼ਰਮਾ ਨੇ ਪੂਜਨ ਕਰਵਾਇਆ। ਜਦਕਿ ਨਗਰ ਕੌਂਸਲ ਪ੍ਰਧਾਨ ਸ਼ੰਮੀ ਤੇਰੀਆ ਵੀ ਇਸ ਮੌਕੇ ਮੌਜੂਦ ਰਹੇ। ਪੰ. ਪੂਰਨ ਚੰਦਰ ਜੋਸ਼ੀ, ਨਿਰਮਲਾ ਜੋਸ਼ੀ, ਹਲਦੁਆਨੀ ਤੋਂ ਵਿਸ਼ੇਸ਼ ਤੌਰ ’ਤੇ ਪਹੁੰਚੇ ਸੁਰੇਸ਼ ਜੋਸ਼ੀ ਤੇ ਦੀਪਾ ਜੋਸ਼ੀ, ਹਰੀਸ਼ ਜੋਸ਼ੀ ਤੇ ਲਲਿਤਾ ਨੇ ਬਤੌਰ ਜਜਮਾਨ ਪੂਜਨ ’ਚ ਹਿੱਸਾ ਲਿਆ। ਗਊਸ਼ਾਲਾ ਕਮੇਟੀ ਦੇ ਪ੍ਰਧਾਨ ਅਮ੍ਰਿਤ ਲਾਲ ਖੁਰਾਣਾ, ਚਰਨਜੀਤ ਸ਼ਰਮਾ ਤੇ ਹੋਰਾਂ ਵੱਲੋਂ ਆਏ ਮਹਿਮਾਨਾਂ ਨੂੰ ਸਿਰੋਪਾਓ ਤੇ ਸਨਮਾਨ ਚਿੰਨ ਭੇਟ ਕਰਦਿਆਂ ਸਨਮਾਨਤ ਕੀਤਾ ਗਿਆ। ਇਸ ਮੌਕੇ ਵਿਪਨ ਵਾਟਸ, ਸੁਰਿੰਦਰ ਬਾਂਸਲ, ਰਾਜ ਦੋਦਾ ਵਾਲੇ, ਬਿੱਟਾ ਵਾਟਸ, ਭਾਰਤ, ਸੋਨੂੰ, ਰਿੰਕੂ, ਰਾਜੂ, ਜਾਹਨਵੀ ਜੋਸ਼ੀ, ਖਯਾਤੀ ਗੁੰਬਰ ਸਮੇਤ ਵੱਡੀ ਗਿਣਤੀ ’ਚ ਲੋਕ ਮੌਜੂਦ ਸਨ।

ਸਿਹਤ ਵਿਭਾਗ ਨੇ ਟੀਕਾਕਰਨ ਮੁਹਿੰਮ ਦੀ ਕੀਤੀ ਸ਼ੁਰੂਆਤ

ਫਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)-ਸਿਵਲ ਸਰਜਨ, ਫਤਿਹਗੜ੍ਹ ਸਾਹਿਬ, ਡਾ. ਦਵਿੰਦਰਜੀਤ ਕੌਰ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਅਤੇ ਜ਼ਿਲ੍ਹਾ ਟੀਕਾਕਰਨ ਡਾ. ਰਾਜੇਸ਼ ਕੁਮਾਰ ਦੀ ਅਗਵਾਈ ਹੇਠ ਜ਼ਿਲ੍ਹੇ ਅੰਦਰ ਗਰਭਵਤੀ ਔਰਤਾਂ ਅਤੇ 0 ਤੋਂ 5 ਸਾਲ ਤੱਕ ਦੇ ਬੱਚਿਆਂ ਦੇ ਸੰਪੂਰਨ ਟੀਕਾਕਰਨ ਕਰਨ ਲਈ “5.0 ਮਿਸ਼ਨ ਇੰਦਰ ਧਨੁਸ਼” ਦੀ ਵਿਸ਼ੇਸ਼ ਮੁਹਿੰਮ ਦੀ ਸ਼ੁਰੂਆਤ ਜ਼ਿਲ੍ਹਾ ਹਸਪਤਾਲ ਤੋਂ ਕੀਤੀ ਗਈ। ਜ਼ਿਲ੍ਹਾ ਟੀਕਾਕਰਨ ਅਫਸਰ ਡਾ. ਰਾਜੇਸ਼ ਕੁਮਾਰ ਨੇ ਦੱਸਿਆ ਕਿ ਸਰਕਾਰ ਵੱਲੋਂ ਇਹ ਮਿਸ਼ਨ ਹਫਤੇ-ਹਫਤੇ ਭਰ ਲਈ ਅਗਲੇ ਤਿੰਨ ਮਹੀਨੇ ਚਲਾਇਆ ਜਾਵੇਗਾ। ਇਸ ਮਿਸ਼ਨ ਦੇ ਪਹਿਲੇ ਪੜਾਅ ਦੇ ਅੱਜ ਪਹਿਲੇ ਦਿਨ 80 ਬੱਚਿਆਂ ਅਤੇ 34 ਗਰਭਵਤੀ ਮਾਵਾਂ ਦਾ ਟੀਕਾਕਰਨ ਕੀਤਾ ਗਿਆ। ਇਸ ਮਿਸ਼ਨ ਦਾ ਮੁੱਖ ਮਕਸਦ ਹਰ ਬੱਚੇ ਦੇ ਸੰਪੂਰਨ ਟੀਕਾਕਰਨ ਦੇ ਨਾਲ-ਨਾਲ ਲੈਫਟ ਆਊਟ ਅਤੇ ਡਰਾਪ ਆਊਟ ਬੱਚਿਆਂ ਨੂੰ ਲੱਭ ਕੇ ਉਨ੍ਹਾਂ ਦਾ ਸੰਪੂਰਨ ਟੀਕਾਕਰਨ ਕਰਨਾ ਯਕੀਨੀ ਬਣਾਉਣਾ ਹੈ। ਡਾ. ਰਾਜੇਸ਼ ਕੁਮਾਰ ਨੇ ਦੱਸਿਆ ਕਿ ਇਸ ਮਿਸ਼ਨ ਨੂੰ ਸਫਲ ਬਣਾਉਣ ਲਈ ਸਿਹਤ ਵਿਭਾਗ ਦੀਆਂ ਟੀਮਾਂ ਵੱਲੋਂ ਮਾਈਗ੍ਰੇਟਰੀ ਅਬਾਦੀ, ਝੁੱਗੀਆਂ- ਝੌਂਪੜੀਆਂ, ਭੱਠਿਆਂ, ਪਥੇਰਾਂ, ਉਸਾਰੀ ਅਧੀਨ ਬਿਲਡਿੰਗਾਂ ਅਤੇ ਹੋਰ ਅਪਹੁੰਚ ਇਲਾਕਿਆਂ ਵਿੱਚ ਕੈਂਪ ਲਗਾ ਕੇ ਗਰਭਵਤੀ ਔਰਤਾਂ ਅਤੇ ਬੱਚਿਆਂ ਦਾ ਸੰਪੂਰਨ ਟੀਕਾਕਰਨ ਕੀਤਾ ਜਾਵੇਗਾ। ਉਨ੍ਹਾਂ ਆਮ ਲੋਕਾਂ ਨੂੰ ਸਿਹਤ ਵਿਭਾਗ

13-Sep-PAGE- 8 qxd.qxd 9/12/2023 10:48 PM Page 1

101 ਫੁੱਟ ਉੱਚੇ ਦੋ ਰਾਸ਼ਟਰੀ ਝੰਡੇ ਬਣਨਗੇ ਹੁਸ਼ਿਆਰਪੁਰ ਦੀ ਸ਼ਾਨ : ਜਿੰਪਾ

ਹੁਸ਼ਿਆਰਪੁਰ : (ਓ ਪੀ ਰਾਣਾ)- ਕੈਬਿਨਟ ਮੰਤਰੀ ਪੰਜਾਬ ਬ੍ਰਮ ਸ਼ੰਕਰ ਜਿੰਪਾ ਨੇ ਦੱਸਿਆ ਕਿ ਸ਼ਹਿਰ ਦੀ ਸੁੰਦਰਤਾ ਵਿਚ ਹੋਰ ਵਾਧਾ ਕਰਨ ਲਈ ਕਰੀਬ 21 ਲੱਖ ਰੁਪਏ ਦੀ ਲਾਗਤ ਨਾਲ 101 ਫੁੱਟ ਉੱਚੇ ਦੋ ਰਾਸ਼ਟਰੀ ਝੰਡੇ ਲਗਾਏ ਜਾ ਰਹੇ ਹਨ। ਪ੍ਰਭਾਤ ਚੌਕ ਵਿਖੇ ਰਾਸ਼ਟਰੀ ਝੰਡਾ ਲਗਾਉਣ ਦੇ ਕੰਮ ਦੀ ਸ਼ੁਰੂਆਤ ਕਰਨ ਮੌਕੇ ਕੈਬਿਨਟ ਮੰਤਰੀ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਸ਼ਹੀਦਾਂ ਦੇ ਸੁਪਨਿਆਂ ਦੇ ਪੰਜਾਬ ਨੂੰ ਸਾਕਾਰ ਕਰਨ ਅਤੇ ਤਿਰੰਗੇ ਨੂੰ ਹਮੇਸ਼ਾ ਉੱਚਾ ਰੱਖਣ ਲਈ ਅਹਿਮ ਉਪਰਾਲੇ ਕਰ ਰਹੀ ਹੈ। ਉਨ੍ਹਾਂ ਦੱਸਿਆ ਕਿ ਇਸੇ ਤਹਿਤ ਸ਼ਹੀਦ ਭਗਤ ਸਿੰਘ ਚੌਕ ਵਿਖੇ ਰਾਸ਼ਟਰੀ ਝੰਡਾ ਲਗਾਏ ਜਾਣ ਦਾ ਕੰਮ ਪਹਿਲਾਂ ਹੀ ਚੱਲ ਰਿਹਾ ਹੈ ਅਤੇ ਜਲਦ ਹੀ ਇਹ ਦੋਵੇਂ ਝੰਡੇ ਹੁਸ਼ਿਆਰਪੁਰ ਦੀ ਸ਼ਾਨ ਬਣਨ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਇਸ ਤਿਰੰਗੇ ਦੀ ਸ਼ਾਨ ਬਣਾਈ ਰੱਖਣ ਅਤੇ ਇਸ ਨੂੰ ਉੱਚਾ ਰੱਖਣ ਲਈ ਸਾਡੇ ਬਹਾਦਰ ਜਵਾਨਾਂ ਨੇ ਅਨੇਕਾਂ ਕੁਰਬਾਨੀਆਂ ਕੀਤੀਆਂ ਹਨ ਅਤੇ ਕਠਿਨਾਈਆਂ ਝੱਲੀਆਂ ਹਨ, ਇਸ ਲਈ ਸਾਡਾ ਵੀ ਫਰਜ਼ ਬਣਦਾ ਹੈ ਕਿ ਅਸੀਂ ਇਸ ਦੀ ਸ਼ਾਨ ਬਣਾਈ ਰੱਖੀਏ।ਕੈਬਿਨਟ ਮੰਤਰੀ ਨੇ ਕਿਹਾ ਕਿ ਸ਼ਹਿਰ ਦੀਆਂ ਦੋ ਪ੍ਰਮੁੱਖ ਥਾਵਾਂ 'ਤੇ ਲੱਗਣ ਵਾਲੇ ਇਹ ਤਿਰੰਗੇ ਵਿਸ਼ੇਸ਼ ਖਿੱਚ ਦਾ ਕੇਂਦਰ ਬਣਨਗੇ। ਉਨ੍ਹਾਂ ਕਿਹਾ ਕਿ ਪ੍ਰਭਾਤ ਚੌਕ ਸ਼ਹਿਰ ਦਾ ਉਹ ਤਿਕੋਣਾ ਪ੍ਰਮੁੱਖ ਸਥਾਨ ਹੈ, ਜਿਥੋਂ ਹਿਮਾਚਲ ਪ੍ਰਦੇਸ਼, ਜਲੰਧਰ, ਪਠਾਨਕੋਟ ਅਤੇ ਚੰਡੀਗੜ੍ਹ ਆਦਿ ਨੂੰ ਆਉਣ-ਜਾਣ ਵਾਲੇ ਲੋਕਾਂ ਨੂੰ ਇਹ ਤਿਰੰਗਾ ਨਜ਼ਰ ਆਵੇਗਾ। ਇਸੇ ਤਰ੍ਹਾਂ ਸ਼ਹੀਦ ਭਗਤ ਸਿੰਘ ਚੌਕ ਵਿਖੇ ਵੀ ਸ਼ਹੀਦਾਂ ਦੀ ਯਾਦ ਨੂੰ ਤਾਜ਼ਾ ਰੱਖਣ ਲਈ ਲਗਾਇਆ ਜਾ ਰਿਹਾ ਤਿਰੰਗਾ ਸਾਡੀਆਂ ਆਉਣ ਵਾਲੀਆਂ ਪੀੜ੍ਹੀਆਂ ਨੂੰ ਸ਼ਹੀਦਾਂ ਦੀ ਵਿਚਾਰਧਾਰਾ ਅਤੇ ਕੁਰਬਾਨੀਆਂ ਦੀ ਯਾਦ ਦਿਵਾਏਗਾ। ਇਸ ਮੌਕੇ ਉਨ੍ਹਾਂ ਨਗਰ ਨਿਗਮ ਦੇ ਮੇਅਰ ਸੁਰਿੰਦਰ ਕੁਮਾਰ, ਸੀਨੀਅਰ ਡਿਪਟੀ ਮੇਅਰ ਪ੍ਰਵੀਨ ਸੈਣੀ, ਡਿਪਟੀ ਮੇਅਰ ਰਣਜੀਤ ਚੌਧਰੀ, ਸਹਾਇਕ ਕਮਿਸ਼ਨਰ ਨਗਰ ਨਿਗਮ ਸੰਦੀਪ ਤਿਵਾੜੀ, ਸਟੇਟ ਜੁਆਇੰਟ ਸਕੱਤਰ ਸਤਵੰਤ ਸਿੰਘ ਸਿਆਣ, ਸੁਮੇਸ਼ ਸੋਨੀ, ਅਮਰਜੋਤ ਸੈਣੀ, ਮਹਿਲਾ ਵਿੰਗ ਦੇ ਪ੍ਰਧਾਨ ਮਨਜੋਤ ਕੌਰ, ਪ੍ਰੋ. ਬਹਾਦਰ ਸਿੰਘ ਸੁਨੇਤ ਤੋਂ ਇਲਾਵਾ ਕੌਂਸਲਰ ਸਾਹਿਬਾਨ ਅਤੇ ਹੋਰ ਸ਼ਖਸੀਅਤਾਂ ਵੀ ਮੌਜੂਦ ਸਨ।

ਮਾਸਟਰ ਤਰਲੋਚਨ ਸਿੰਘ ਨਮਿੱਤ ਸ਼ਰਧਾਂਜਲੀ ਸਮਾਗਮ 17 ਨੂੰ

ਬੁਲ੍ਹੋਵਾਲ, (ਨਵਾਂ ਜ਼ਮਾਨਾ ਸਰਵਿਸ)-ਆਪਣਾ ਸਮੁੱਚਾ ਜੀਵਨ ਮੁਲਾਜ਼ਮ ਅਤੇ ਕਿਰਤੀ ਵਰਗ ਦੀਆਂ ਹਾਲਤਾਂ ਦੀ ਬਿਹਤਰੀ, ਸਮਾਜ ਵਿੱਚ ਦੱਬੇ-ਕੁੱਚਲੇ ਲੋਕਾਂ ਦੇ ਕਲਿਆਣ ਲਈ ਚੱਲ ਰਹੇ ਅੰਦੋਲਨ ਨੂੰ ਸਮਰਪਤ ਅਤੇ ਮਰਨ ਉਪਰੰਤ ਆਪਣਾ ਸਰੀਰ ਮੈਡੀਕਲ ਖੋਜ ਲਈ ਦਾਨ ਕਰਨ ਵਾਲੇ ਮਾਸਟਰ ਤਰਲੋਚਨ ਸਿੰਘ, ਬੀਤੇ ਦਿਨੀਂ ਸਦੀਵੀ ਵਿਛੋੜਾ ਦੇ ਗਏ ਹਨ। ਉਨ੍ਹਾਂ ਦੀ ਆਤਮਿਕ ਸ਼ਾਂਤੀ, ਜੀਵਨ ਭਰ ਮਨੁੱਖਤਾ ਦੇ ਕਲਿਆਣ ਨੂੰ ਸਮਰਪਤ ਜੀਵਨ ਪੰਧ ਨੂੰ ਯਾਦ ਕਰਨ ਅਤੇ ਉਨ੍ਹਾਂ ਦੇ ਅਧੂਰੇ ਕਾਰਜ ਨੂੰ ਪੂਰਾ ਕਰਨ ਹਿੱਤ ਅਹਿਦ ਕਰਨ ਲਈ ਅੰਤਮ ਅਰਦਾਸ ਅਤੇ ਸ਼ਰਧਾਂਜਲੀ ਸਮਾਗਮ 17 ਸਤੰਬਰ ਦਿਨ ਐਤਵਾਰ ਨੂੰ ਸੈਣੀਬਾਰ ਸੀਨੀਅਰ ਸੈਕੰਡਰੀ ਸਕੂਲ ਬੁਲ੍ਹੋਵਾਲ, ਜ਼ਿਲ੍ਹਾ ਹੁਸ਼ਿਆਰਪੁਰ ਵਿਖੇ ਦੁਪਹਿਰ 12 ਤੋਂ 2 ਵਜੇ ਤੱਕ ਹੋਣਗੇ।

ਲੜਕੀਆਂ ਲਈ ਰੁਜ਼ਗਾਰ ਤੇ ਜੀਵਨ ਕੌਸ਼ਲ ਵਿਸ਼ੇ 'ਤੇ ਵਰਕਸ਼ਾਪ

ਆਦਮਪੁਰ (ਪਰਮਜੀਤ ਸਿੰਘ):-: ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ ਦੇ ਸਿੱਖਿਆ ਨਾਲ ਸੰਬੰਧਿਤ ਸੰਸਥਾ ਡਾਇਰੈਕਟੋਰੇਟ ਆਫ਼ ਐਜੂਕੇਸ਼ਨ, ਬਹਾਦਰਗੜ੍ਹ ਵੱਲੋਂ ਮਹਿੰਦਰਾ ਐਂਡ ਮਹਿੰਦਰਾ ਕੰਪਨੀ ਦੇ ਸਹਿਯੋਗ ਨਾਲ ਗੁਰੂ ਨਾਨਕ ਖਾਲਸਾ ਕਾਲਜ ਡਰੋਲੀ ਕਲਾਂ ਵਿਖੇ ਵਿਦਿਆਰਥਣਾਂ ਲਈ ਸ਼ੁਰੂ ਹੋਈ ਹਫ਼ਤਾਵਰੀ ਟ੍ਰੇਨਿੰਗ ਅਤੇ ਪਲੇਸਮੈਂਟ ਵਰਕਸ਼ਾਪ ਸੰਪੂਰਣ ਹੋ ਗਈ ਹੈ। ਮੁੱਖ ਮਹਿਮਾਨ ਵਜੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅੰਮ੍ਰਿਤਸਰ ਦੇ ਹਲਕਾ ਆਦਮਪੁਰ ਦੇ ਮੈਂਬਰ ਬੀਬੀ ਦਵਿੰਦਰ ਕੌਰ ਕਾਲਰਾ ਅਤੇ ਗੁਰਦਿਆਲ ਸਿੰਘ ਕਾਲਰਾ ਵਿਸ਼ੇਸ਼ ਤੌਰ 'ਤੇ ਪਹੁੰਚੇ ਸਨ। ਦੱਸਣਯੋਗ ਹੈ ਕਿ ਕਾਲਜ ਵਿਚ ਟ੍ਰੇਨਿੰਗ ਅਤੇ ਪਲੇਸਮੈਂਟ ਸੈੱਲ ਦਾ ਆਗਾਜ਼ ਕਾਲਜ ਦੀ ਕਾਰਜਕਾਰੀ ਪ੍ਰਿੰਸੀਪਲ ਪ੍ਰੋ. ਰਚਨਾ ਤੁਲੀ ਦੀ ਅਗਵਾਈ ਅਤੇ ਕਾਲਜ ਦੇ ਸੀਨੀਅਰ ਪ੍ਰੋਫੈਸਰ ਡਾ. ਰਾਕੇਸ਼ ਬਾਵਾ ਦੀ ਨਿਰਦੇਸ਼ਨਾ ਹੇਠ ਹੋਇਆ ਸੀ। ਟ੍ਰੇਨਿੰਗ ਅਤੇ ਪਲੇਸਮੈਂਟ ਸੈੱਲ ਦੇ ਪ੍ਰਮੁੱਖ ਬੁਲਾਰੇ 'ਮਹਿੰਦਰਾ ਐਂਡ ਮਹਿੰਦਰਾ ਕੰਪਨੀ' ਵੱਲੋਂ ਵਿਸ਼ਾ ਮਾਹਿਰ ਮੈਡਮ ਅੰਜੂ ਜੈਨ ਸਨ। ਇਸ ਸਮਾਗਮ ਦੇ ਸਹਾਇਕ ਨਿਰਦੇਸਕ ਪ੍ਰੋ. ਸਿਮਰਨਜੋਤ ਕੌਰ, ਪ੍ਰੋ. ਹਰਮਨਪ੍ਰੀਤ ਸਿੰਘ ਅਤੇ ਡਾ. ਰਵਿੰਦਰ ਕੌਰ ਸਨ। ਇਸ ਸਮਾਗਮ ਦੀ ਸਮਾਪਤੀ ਮੌਕੇ ਬੀਬੀ ਕਾਲਰਾ ਨੇ ਕਿਹਾ ਕਿ ਵਿਦਿਆਰਥਣਾਂ ਨੂੰ ਕਿਹਾ ਕਿ ਅਜਿਹੇ ਸੁਨਹਿਰੀ ਮੌਕਿਆਂ ਦਾ ਭਰਪੂਰ ਲਾਭ ਉਠਾਉਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਹੁਨਰ ਵਿਕਾਸ ਨਾਲ ਹੀ ਸਾਡਾ ਭਵਿੱਖ ਰੌਸ਼ਨ ਹੈ ਜੋ ਕਿ ਸਵੈ ਨਿਰਭਰ ਬਣਾਉਣ ਵਿਚ ਸਹਾਈ ਹੁੰਦਾ ਹੈ। ਇਸ ਮੌਕੇ ਅੱਵਲ ਵਿਦਿਆਰਥਣਾਂ ਨੂੰ ਸਨਮਾਨਿਤ ਕੀਤਾ ਗਿਆ। ਇਸ ਦੇ ਨਾਲ ਹੀ ਅੰਜੂ ਜੈਨ ਨੂੰ ਵੀ ਕਾਲਜ ਸਟਾਫ ਵੱਲੋਂ ਸਨਮਾਨਿਤ ਕੀਤਾ ਗਿਆ।

ਡਿਊਟੀ 'ਤੇ ਕਾਲੇ ਬਿੱਲੇ ਲਗਾ ਕੇ ਰੋਸ ਪ੍ਰਦਰਸ਼ਨ ਕੀਤਾ

ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)-ਪੰਜਾਬ ਸਟੇਟ ਮਿਨਿਸਟੀਰੀਅਲ ਸਰਵਿਸ ਯੂਨੀਅਨ ਦੀ ਸੂਬਾ ਕਮੇਟੀ ਦੀ ਕਾਲ 'ਤੇ ਪੰਜਾਬ ਭਰ ਦੇ ਸਮੂਹ ਵਿਭਾਗਾਂ ਅਤੇ ਚੰਡੀਗੜ੍ਹ ਸਥਿਤ ਡਾਇਰੈਕਟੋਰੇਟ ਦਫਤਰਾਂ ਦੇ ਕਰਮਚਾਰੀਆਂ ਵੱਲੋਂ ਕਾਲੇ ਬਿੱਲੇ ਲਗਾ ਕੇ ਡਿਊਟੀ ਨਿਭਾਉਂਦੇ ਹੋਏ ਸਰਕਾਰ ਵਿਰੁੱਧ ਰੋਸ ਪ੍ਰਦਰਸ਼ਨ ਕੀਤਾ। ਇਹ ਕਰਮਚਾਰੀ ਸਰਕਾਰ ਨਾਲ ਆਪਣੀਆਂ ਵਿਭਾਗੀ ਮੰਗਾਂ ਪ੍ਰਤੀ ਨਰਾਜ ਚੱਲ ਰਹੇ ਹਨ। ਜੋ ਮੰਗਾਂ ਮੰਨੀਆਂ ਜਾ ਚੁੱਕੀਆਂ ਹਨ ਨੂੰ ਲਾਗੂ ਨਹੀਂ ਕੀਤਾ ਜਾ ਰਿਹਾ। 30- 30 ਸਾਲ ਤੋਂ ਇਹ ਕਰਮਚਾਰੀ ਆਪਣੀਆਂ ਪ੍ਰਮੋਸ਼ਨਾਂ ਤੋਂ ਵਾਂਝੇ ਹਨ। ਦਫਤਰਾਂ ਵਿੱਚ ਸਟਾਫ ਦੀ ਘਾਟ ਹੈ। ਪੁਰਾਣੀ ਪੈਨਸ਼ਨ ਬਹਾਲੀ ਵਿੱਚ ਸਰਕਾਰ ਵੱਲੋਂ ਟਾਲਮਟੋਲ ਕਰਕੇ ਸਮਾਂ ਲੰਘਾਇਆ ਜਾ ਰਿਹਾ ਹੈ। ਕੰਪਿਊਟਰ ਟ੍ਰੇਨਿੰਗ ਲਾਗੂ ਨਹੀਂ ਕੀਤੀ ਜਾ ਰਹੀ। ਇਹ ਜਾਣਕਾਰੀ ਯੂਨੀਅਨ ਦੇ ਜ਼ਿਲ੍ਹਾ

ਪ੍ਰਧਾਨ ਅਤੇ ਸੂਬੇ ਦੇ ਸੀਨੀਅਰ ਮੀਤ ਪ੍ਰਧਾਨ ਅਨਿਰੁੱਧ ਮੋਦਗਿੱਲ ਵੱਲੋਂ ਦਿੱਤੀ ਗਈ। ਉਹਨਾਂ ਵੱਲੋਂ ਕਿਹਾ ਗਿਆ ਕਿ ਡੇਢ ਸਾਲ ਤੋਂ ਵੱਧ ਸਮਾਂ ਬੀਤ ਜਾਣ ਦੇ ਬਾਵਜੂਦ ਸਰਕਾਰ ਵੱਲੋਂ ਜਥੇਬੰਦੀ ਨੂੰ ਸਮਾਂ ਦੇ ਕੇ ਮੁਲਾਜਮਾਂ ਦੇ ਛੋਟੇ ਛੋਟੇ ਮਸਲੇ ਹੱਲ ਕਰਨ ਦੀ ਬਜਾਏ ਉਲਝਾਇਆ ਜਾ ਰਿਹਾ ਹੈ। ਜੇਕਰ ਕੋਈ ਅਧਿਕਾਰੀ ਕਰਮਚਾਰੀਆਂ ਦੀਆਂ ਪ੍ਰਮੋਸ਼ਨਾਂ ਵਿੱਚ ਅੜਿਕਾ ਬਣਦਾ ਹੈ ਤਾਂ ਉਸ ਦੀ ਜਵਾਬਦੇਹੀ ਹੋਣੀ ਚਾਹੀਦੀ ਹ। ਜ਼ਿਲ੍ਹੇ ਦੇ ਸਮੂਹ ਵਿਭਾਗਾਂ ਦੇ ਮਨਿਸਟਰੀਅਲ ਮੁਲਾਜਮਾਂ ਵੱਲੋਂ ਕਾਲੇ ਬਿੱਲੇ ਲਗਾਏ ਗਏ ਅਤੇ ਕੱਲ੍ਹ ਵੀ ਲਗਾਈ ਜਾਣਗੇ।

ਸਤਿਗੁਰੂ ਸੰਤ ਓਮ ਪ੍ਰਕਾਸ਼ ਦੀ ਯਾਦ 'ਚ ਸਮਾਗਮ ਦੀਆਂ ਤਿਆਰੀਆਂ ਸ਼ੁਰੂ

ਮਾਹਿਲਪੁਰ, (ਨਿਰਮਲ ਸਿੰਘ ਮੁੱਗੋਵਾਲ)-ਜੋਤ ਮਾਰਗੀਏ ਸੰਤ ਭਵਨ ਜੇਜੋਂ ਦੋਆਬਾ ਵਿਖੇ ਸਤਿਗੁਰੂ ਸੰਤ ਓਮ ਪ੍ਰਕਾਸ਼ ਜੀ ਦਾ ਭੰਡਾਰਾ 15 ਅਕਤੂਬਰ ਨੂੰ ਮਨਾਇਆ ਜਾ ਰਿਹਾ ਹੈ। ਸੰਤ ਬਾਬਾ ਰਤਨ ਪ੍ਰਕਾਸ਼ ਨੇ ਦੱਸਿਆ ਕਿ ਇਸ ਮੌਕੇ ਸਮਾਗਮ ਵਿੱਚ ਪਹੁੰਚ ਰਹੇ ਸੰਤ ਮਹਾਂਪੁਰਸ਼ ਪ੍ਰਵਚਨਾਂ ਰਾਹੀਂ ਸੰਗਤਾਂ ਨੂੰ ਨਿਹਾਲ ਕਰਨਗੇ। ਗੁਰੂ ਕੇ ਲੰਗਰ ਅਟੁੱਟ ਚੱਲਣਗੇ। ਇਸ ਸਮਾਗਮ ਦੀਆਂ ਤਿਆਰੀਆਂ ਜ਼ੋਰ ਸ਼ੋਰ ਨਾਲ ਆਰੰਭ ਕੀਤੀਆਂ ਗਈਆਂ ਹਨ।

ਐੱਸ ਐੱਚ ਓ ਜਗਜੀਤ ਸਿੰਘ ਨੇ ਥਾਣੇ ਦਾ ਚਾਰਜ ਸੰਭਾਲਿਆ

ਮੋਹਟੀਆਣਾ (ਜਗਤਾਰ ਸਿੰਘ ਭੁੰਗਰਨੀ) ਪੁਲਸ ਥਾਣਾ ਮੋਹਟੀਆਣਾ ਦੇ ਨਵੇਂ ਆਏ ਐਸ ਐਚ ਓ ਐਸ ਆਈ ਜਗਜੀਤ ਸਿੰਘ ਨੇ ਕਾਰਜਭਾਰ ਸੰਭਾਲਦਿਆਂ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਉਨਾਂ ਦਾ ਪਹਿਲਾ ਕੰਮ ਇਲਾਕੇ ਵਿਚੋਂ ਨਸ਼ੇ ਦੇ ਸੁਦਾਗਰਾਂ ਨੂੰ ਨੱਥ ਪਾਉਣਾ ਹੋਵੇਗਾ, ਉਹ ਨਜਾਇਜ਼ ਨਸ਼ਾ ਨਹੀ ਵੇਚਣ ਦੇਣਗੇ ਅਤੇ ਲੁੱਟ ਖੋਹ ਕਰਨ ਵਾਲੇ ਅਨਸਰਾਂ ਨੂੰ ਵੀ ਤਾੜਨਾ ਕੀਤੀ ਕਿ ਉਹ ਗਲਤ ਕੰਮਾਂ ਤੋਂ ਗੁਰੇਜ ਕਰਨ ਨਹੀ ਤਾਂ ਉਹਨਾਂ 'ਤੇ ਸਖਤ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ। ਉਨਾਂ ਇਲਾਕਾ ਨਿਵਾਸੀ ਨੌਜਵਾਨਾਂ ਨੂੰ ਵੀ ਅਪੀਲ ਕੀਤੀ ਕਿ ਉਹ ਸੜਕ 'ਤੇ ਆਪਣੇ ਮੋਟਰ ਸਾਇਕਲ ਚਲਾਉਂਦੇ ਸਮੇਂ ਪਟਾਕੇ ਮਰਵਾ ਕੇ ਦਹਿਸ਼ਤ ਦਾ ਮਹੌਲ ਨਾ ਪੈਦਾ ਕਰਨ ਅਤੇ ਨਾ ਹੀ ਟ੍ਰੈਕਟਰ ਲੈ ਕੇ ਸੜਕ' ਤੇ ਚਲਦੇ ਸਮੇਂ ਉੱਚੀ ਅਵਾਜ ਵਿੱਚ ਡੈੱਕ ਆਦਿ ਵਜਾਉਣ। ਛੋਟੀ ਉਮਰ ਦੇ ਬੱਚਿਆਂ ਨੂੰ ਸਕੂਟਰ ,ਮੋਟਰ ਸਾਇਕਲ ਦੇ ਕੇ ਸੜਕਾਂ 'ਤੇ ਨਾ ਭੇਜਿਆ ਜਾਵੇ ।

ਕਲੇਰਾਂ 'ਚ ਛਿੰਝ ਮੇਲਾ ਭਲਕੇ

ਮਹਲੀ (ਗੁਰਨਾਮ):-ਇਥੋਂ ਥੋੜ੍ਹੀ ਦੂਰ ਪਿੰਡ ਕਲੇਰਾਂ ਵਿਖੇ ਗੁੱਗਾ ਜਾਹਿਰ ਪੀਰ ਦੀ ਯਾਦ ਵਿੱਚ 14 ਸਤੰਬਰ ਨੂੰ ਛਿੰਝ ਮੇਲਾ ਕਰਵਾਇਆ ਜਾ ਰਿਹਾ ਹੈ। ਵਿਜੈ ਕੁਮਾਰੀ ਸਰਪੰਚ ਤੇ ਦਾਰਾ ਸਿੰਘ ਐਮ ਨੇ ਦੱਸਿਆ ਕਿ ਪਟਕੇ ਦੀ ਕੁਸ਼ਤੀ ਪ੍ਰਿਤਪਾਲ ਫਗਵਾੜਾ ਤੇ ਕ੍ਰਿਸ਼ਨ ਖੰਨਾ ਵਿਚਕਾਰ ਖੇਡੀ ਜਾਵੇਗੀ। ਜੇਤੂ ਪਹਿਲਵਾਨਾਂ ਨੂੰ ਦਿਲ ਖਿੱਚਵੇਂ ਇਨਾਮ ਦਿੱਤੇ ਜਾਣਗੇ। ਸੱਦੇ ਹੋਏ ਪਹਿਲਵਾਨਾਂ ਨੂੰ ਹੀ ਕੁਸ਼ਤੀਆਂ ਲੜਨ ਦਿੱਤੀਆਂ ਜਾਣਗੀਆਂ ਅਤੇ ਨਗਦ ਇਨਾਮ ਦਿੱਤਾ ਜਾਵੇਗਾ। ਹੋਰ ਕੋਈ ਰਵਾਇਤੀ ਖੇਡ ਨਹੀਂ ਕਰਵਾਈ ਜਾਵੇਗੀ।

ਮੱਛਮਾਰ ਦਵਾਈਆਂ ਦਾ ਕੀਤਾ ਜਾ ਰਿਹਾ ਛਿੜਕਾਅ

ਸ੍ਰੀ ਅਨੰਦਪੁਰ ਸਾਹਿਬ (ਅਰਵਿੰਦਰ ਸਿੰਘ ਬਿੰਦੀ)ਪੰਜਾਬ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਹਰਜੋਤ ਸਿੰਘ ਬੈਂਸ ਸਿੱਖਿਆ ਮੰਤਰੀ ਪੰਜਾਬ ਦੇ ਯਤਨਾ ਸਦਕਾ ਹਰਜੀਤ ਸਿੰਘ ਜੀਤਾ ਪ੍ਰਧਾਨ ਨਗਰ ਕੌਂਸਲ ਸ੍ਰੀ ਅਨੰਦਪੁਰ ਸਾਹਿਬ ਤੇ ਹਰਬਖਸ਼ ਸਿੰਘ ਕਾਰਜ ਸਾਧਕ ਅਫਸਰ ਦੇ ਦਿਸ਼ਾ ਨਿਰਦੇਸ਼ 'ਤੇ ਮਦਨ ਲਾਲ ਸੈਨਟਰੀ ਇੰਸਪੈਕਟਰ ਦੀ ਅਗਵਾਈ ਵਿੱਚ ਸ੍ਰੀ ਅਨੰਦਪੁਰ ਸਾਹਿਬ ਨੂੰ ਮਲੇਰੀਆ ਅਤੇ ਡੇਂਗੂ ਵਰਗੀਆਂ ਬਿਮਾਰੀਆਂ ਤੋਂ ਬਚਾਉਣ ਲਈ ਸਹਿਰ ਵਿਚ ਲਗਾਤਾਰ ਕੌਂਸਲਰਾਂ ਦੀ ਹਾਜਰੀ ਵਿੱਚ ਅਲੱਗ ਅਲੱਗ ਵਾਰਡਾਂ ਵਿੱਚ ਡੇਂਗੂ ਦੇ ਮੱਛਰ ਮਾਰ ਦਵਾਈਆਂ ਛੜਕਾਈਆਂ ਜਾ ਰਹੀਆਂ ਹੈ। ਜਿੱਥੇ ਵੀ ਕਿਤੇ ਖੜਿਆ ਪਾਣੀ ਦਿਸਦਾ ਹੈ ਉਸ ਵਿੱਚ ਕਾਲਾ ਤੇਲ ਪਾ ਦਿੱਤਾ ਜਾਂਦਾ ਹੈ, ਫੌਗਿੰਗ ਮਸੀਨ ਦੁਆਰਾ ਸਪਰੇਅ ਕੀਤਾ ਜਾ ਰਿਹਾ ਹੈ, ਤੇ ਸਹਿਰ ਵਾਸੀਆਂ ਨੂੰ ਡੇਂਗੂ ਅਤੇ ਮਲੇਰੀ ਵਰਗੀਆਂ ਬਿਮਾਰੀਆਂ ਦੇ ਬਚਾਓ ਲਈ ਜਾਗਰੂਕ ਕੀਤਾ ਜਾ ਰਿਹਾ ਹੈ। ਇਸ ਮੌਕੇ ਤੇ ਮਦਨ ਲਾਲ, ਪਰਮਜੀਤ ਸੋਨੂੰ, ਵਿਜੇ ਕੁਮਾਰ, ਲੋਕੇਸ਼ ਕੁਮਾਰ, ਗੁਰਮੁਖ ਸਿੰਘ, ਵਿਕਾਸ, ਸੰਜੀਵ ਕਾਲਾ ਹਾਜਰ ਸਨ।

ਜ਼ਿਲ੍ਹਾ ਰੈਡ ਕਰਾਸ ਵੱਲੋਂ ਦਿਵਿਆਂਗ ਵਿਅਕਤੀਆਂ ਲਈ ਅਸੈਸਮੈਂਟ ਕੈਂਪ

ਸ੍ਰੀ ਅਨੰਦਪੁਰ ਸਾਹਿਬ, (ਅਰਵਿੰਦਰ ਸਿੰਘ ਬਿੰਦੀ)

ਡਿਪਟੀ ਕਮਿਸ਼ਨਰ ਰੂਪਨਗਰ ਡਾ. ਪ੍ਰੀਤੀ ਯਾਦਵ ਦੇ ਆਦੇਸ਼ ਅਨੁਸਾਰ ਜ਼ਿਲ੍ਹਾ ਰੈਡ ਕਰਾਸ ਰੂਪਨਗਰ ਵਲੋਂ ਅਲਿਮਕੋ ਦੇ ਸਹਿਯੋਗ ਨਾਲ ਦਿਵਿਆਂਗ ਵਿਅਕਤੀਆਂ ਲਈ ਸੰਤ ਡੂਮੇਲੀ ਵਾਲਿਆਂ ਦੇ ਗੁਰਦੁਆਰਾ ਸਾਹਿਬ ਸ੍ਰੀ ਅਨੰਦਪੁਰ ਸਾਹਿਬ ਵਿਖੇ ਅਸੈਸਮੈਂਟ ਕੈਂਪ ਲਗਾਇਆ ਗਿਆ। ਗੁਰਸੋਹਣ ਸਿੰਘ ਸਕੱਤਰ ਰੈਡ ਕਰਾਸ ਨੇ ਦੱਸਿਆ ਕਿ ਇਸ ਕੈਂਪ ਵਿੱਚ ਦਿਵਿਆਂਗ ਵਿਅਕਤੀਆਂ ਲਈ 8 ਟਰਾਈਸਾਈਕਲ, 19 ਮੋਟਰਾਈਜ ਟਰਾਈਸਾਈਕਲਾਂ, 14 ਵ੍ਹੀਲ ਚੇਅਰਜ, 5 ਨਕਲੀ ਅੰਗ, 8 ਕੈਲੀਪਰਜ਼, 18 ਬੈਸਾਖੀਆਂ, 16 ਕੰਨਾਂ ਦੀਆਂ ਸੁਣਨ ਵਾਲੀਆਂ ਮਸੀਨਾਂ ਆਦਿ ਸਮਾਨ ਦੀ ਅਸੈਸਮੈਂਟ ਕੀਤੀ ਗਈ ਅਤੇ ਜਲਦੀ ਹੀ ਦਿਵਿਆਂਗ ਵਿਅਕਤੀਆਂ ਨੂੰ ਸਮਾਨ ਵੰਡ ਦਿੱਤਾ ਜਾਵੇਗਾ। ਇਸ ਕੈਂਪ ਜ਼ਿਲ੍ਹਾ ਰੁਜਗਾਰ ਅਤੇ ਕਾਰੋਬਾਰ ਬਿਊਰੋ ਦਫਤਰ ਰੂਪਨਗਰ ਵੱਲੋਂ ਰਜਿਸਟਰੇਸ਼ਨ ਲਈ, ਸਿਵਲ ਹਸਪਤਾਲ ਵੱਲੋਂ ਯੂ.ਡੀ.ਆਈ.ਡੀ. ਕਾਰਡ ਬਣਾਉਣ ਲਈ, ਜ਼ਿਲ੍ਹਾ ਸਮਾਜਿਕ ਸੁਰੱਖਿਆ ਰੂਪਨਗਰ ਵੱਲੋਂ ਪੈਨਸ਼ਨ ਲਈ ਕਾਊਂਟਰ ਲਗਾ ਕੇ ਸੇਵਾ ਨਿਭਾਈ ਗਈ। ਇਸ ਮੌਕੇ ਅਲਿਮਕੋ ਦੀ ਮੈਡੀਕਲ ਟੀਮ ਵੱਲੋਂ ਵੱਖ-ਵੱਖ ਏਡ/ਉਪਕਰਨਾਂ ਨਾਲ ਚੈਕਅੱਪ ਕੀਤਾ ਗਿਆ। ਇਸ ਮੌਕੇ ਸੁਸ਼ੀਲ ਕੁਮਾਰ ਪਾਲੀ ਆਡਿਓਲੋਜਿਸਟ, ਪੁਨੀਤ, ਤੁਸ਼ਾਰ ,ਰਮੇਸ਼, ਵਰੁਣ ਸ਼ਰਮਾ

13-Sep-PAGE- 9 qxd.qxd 9/12/2023 10:47 PM Page 1

ਸੰਯੁਕਤ ਕਿਸਾਨ ਮੋਰਚਾ ਵੱਲੋਂ ਪਵਿੱਤਰ ਵੇਈਂ ਕਿਨਾਰੇ ਤਿੰਨ ਰੋਜ਼ਾ ਰੋਸ ਧਰਨਾ

ਸੁਲਤਾਨਪੁਰ ਲੋਧੀ (ਬਲਵਿੰਦਰ ਸਿੰਘ ਧਾਲੀਵਾਲ) ਹਲਕਾ ਸੁਲਤਾਨਪੁਰ ਲੋਧੀ ਵਿਖੇ ਸੰਯੁਕਤ ਕਿਸਾਨ ਮੋਰਚਾ ਵੱਲੋਂ ਪੰਜਾਬ 'ਚ ਹੜ੍ਹਾਂ ਕਾਰਨ ਹੋਈ ਵਿਆਪਕ ਤਬਾਹੀ ਦੇ ਮੁਆਵਜੇ ਅਤੇ ਹੜ੍ਹਾਂ ਦੀ ਰੋਕਥਾਮ ਨਾਲ ਸਬੰਧਿਤ ਮੰਗਾਂ ਨੂੰ ਲੈ ਕੇ ਰਾਜ ਸਭਾ ਮੈਂਬਰ ਸੰਤ ਬਲਬੀਰ ਸਿੰਘ ਸੀਚੇਵਾਲ ਦੀ ਸਥਾਨਕ ਨਿਰਮਲ ਕੁਟੀਆ ਦੇ ਸਾਹਮਣੇ ਪਵਿੱਤਰ ਵੇਈਂ ਕਿਨਾਰੇ ਤਿੰਨ ਰੋਜਾ ਰੋਸ ਧਰਨਾ ਦਿੱਤਾ ਗਿਆ। ਪਹਿਲੇ ਦਿਨ ਦੇ ਵਿਸ਼ਾਲ ਧਰਨੇ ਨੂੰ ਸੰਬੋਧਨ ਕਰਦਿਆਂ ਵੱਖ ਵੱਖ ਬੁਲਾਰਿਆਂ ਨੇ ਕੇਂਦਰ ਸਰਕਾਰ ਤੋਂ ਮੰਗ ਕੀਤੀ ਕਿ ਹੜ੍ਹਾਂ ਨੂੰ ਫੌਰੀ ਕੌਮੀ ਰਾਹਤ ਐਲਾਨ ਕਰਕੇ ਪੰਜਾਬ ਨੂੰ 10 ਹਜਾਰ ਕਰੋੜ ਰੁਪਏ ਦਾ ਪੈਕੇਜ ਦਿੱਤਾ ਜਾਵੇ ਅਤੇ ਹੋਏ ਨੁਕਸਾਨ ਦੇ ਮੱਦੇਨਜਰ ਮੁਆਵਜਾ ਵੰਡਣ ਦੇ ਨਿਯਮਾਂ ਵਿੱਚ ਢਿੱਲ ਦਿੱਤੀ ਜਾਵੇ ਤਾਂ ਜੋ ਪੀੜ੍ਹਤ ਲੋਕਾਂ ਨੂੰ ਜਾਨ-ਮਾਲ ਦੇ ਹੋਏ ਨੁਕਸਾਨ ਦੇ ਅਨੁਸਾਰ ਢੁਕਵਾਂ ਮੁਆਵਜਾ ਮਿਲ ਸਕੇ।

ਉਨਾਂ ਮੰਗ ਕੀਤੀ ਕਿ ਫਸਲਾਂ ਤੇ ਕਿਸੇ ਅਗਾਉਂ ਸਰਤਾਂ ਦੇ ਕਿਸਾਨਾਂ ਨੂੰ ਸਲੈਬਾਂ ਬਣਾ ਕੇ ਮੁਆਵਜਾ ਦਿੱਤਾ ਜਾਵੇ, ਪਰਿਵਾਰ ਦੇ ਜੀਅ ਹੀ ਹੋਈ ਮੌਤ ਦਾ 10 ਲੱਖ ਰੁਪਏ ਪ੍ਰਤੀ ਜੀਅ, ਮਰੇ ਪਸ਼ੂ ਦਾ ਇਕ ਲੱਖ ਰੁਪਏ ਪ੍ਰਤੀ ਪਸ਼ੂ, ਘਰਾਂ ਦੇ ਹੋਏ ਨੁਕਸਾਨ ਦਾ ਪ੍ਰਤੀ ਘਰ 5 ਲੱਖ ਰੁਪਏ ਮੁਆਵਜਾ ਦਿੱਤਾ ਜਾਵੇ, ਮਜਦੂਰ ਪਰਿਵਾਰਾਂ ਨੂੰ ਪਸ਼ੂਆਂ ਦੇ ਹਰੇ ਚਾਰੇ ਸਮੇਤ ਹੋਰ ਲੋੜਾਂ ਲਈ 50 ਹਜਾਰ ਰੁਪਏ ਪ੍ਰਤੀ ਪਰਵਾਰ ਮੁਆਵਜਾ ਦਿੱਤਾ ਜਾਵੇ, ਕਿਸਾਨਾਂ ਮਜਦੂਰਾਂ ਦੇ ਕਰਜਿਆਂ ਦੀਆਂ ਕਿਸ਼ਤਾਂ ਨੂੰ ਅੱਗੇ ਪਾਇਆ ਜਾਵੇ ਅਤੇ ਇਸ ਵਾਰ ਦਾ ਵਿਆਜ ਮਾਫ ਕੀਤਾ ਜਾਵੇ ਜਾਂ ਸਰਕਾਰ ਖੁਦ ਭਰੇ, ਜਰਨੈਲੀ ਅਤੇ ਲਿੰਕ ਸੜਕਾਂ ਦੀ ਉਸਾਰੀ ਸਮੇਂ ਪਾਣੀ ਦੀ ਬੇਰੋਕ ਨਿਕਾਸੀ ਲਈ ਅਤੇ ਕੁਦਰਤੀ ਲਾਂਘਿਆਂ ਲਈ ਢੁਕਵਾਂ ਪ੍ਰਬੰਧ ਕੀਤਾ ਜਾਵੇ, ਦਰਿਆਵਾਂ ਦੇ ਬੰਨ੍ਹਾਂ ਦੀ ਮਜਬੂਤੀ ਤੇ ਵਿਸ਼ੇਸ਼ ਧਿਆਨ ਦੇਣ ਦੇ ਨਾਲ-ਨਾਲ ਦਰਿਆਵਾਂ ਸਮੇਤ ਨਦੀਆਂ, ਨਾਲਿਆਂ, ਡਰੇਨਾਂ ਦੀ ਸਾਫ ਸਫਾਈ ਲਈ ਢੁੱਕਵੇਂ ਬੰਦੋਬਸਤ ਢੁਕਵੇਂ ਸਮੇਂ 'ਤੇ ਕੀਤੇ ਜਾਣ, ਘੱਗਰ ਅਤੇ ਉਸ ਦੀਆਂ ਸਹਾਇਕ ਨਦੀਆਂ ਦੇ ਪਾਣੀ ਨੂੰ ਸੰਭਾਲਣ ਲਈ ਮਾਸਟਰ ਪਲਾਨ ਤਿਆਰ ਕਰਕੇ ਯੋਜਨਾ ਅਮਲ ਵਿੱਚ ਲਿਆਂਦੀ ਜਾਵੇ ਅਤੇ ਦਰਿਆਵਾਂ ਦੇ ਹੜ੍ਹਾਂ ਦੀ ਅਕਸਰ ਮਾਰ ਸਹਿਣ ਵਾਲੇ ਇਲਾਕਿਆਂ ਨੂੰ ਵਿਸ਼ੇਸ਼ ਦਰਜਾ ਦੇ ਕੇ ਸਹੂਲਤਾਂ ਦਿੱਤੀਆਂ ਜਾਣ।

ਇਸ ਮੌਕੇ ਕਾਮਰੇਡ ਰਛਪਾਲ ਸਿੰਘ ਜਨਰਲ ਸਕੱਤਰ ਕਿਰਤੀ ਕਿਸਾਨ ਯੂਨੀਅਨ, ਮੀਤ ਪ੍ਰਧਾਨ ਪੰਜਾਬ ਰਘਬੀਰ ਸਿੰਘ ਮਹਿਰਵਾਲਾ, ਕੁਲ ਹਿੰਦ ਕਿਸਾਨ ਸਭਾ ਦੇ ਐਡਵੋਕੇਟ ਰਜਿੰਦਰ ਸਿੰਘ ਰਾਣਾ, ਪੰਜਾਬ ਨਿਰਮਾਣ ਮਜਦੂਰ ਯੂਨੀਅਨ ਦੇ ਕਾਮਰੇਡ ਬਲਦੇਵ ਸਿੰਘ, ਅਮਰਜੀਤ ਸਿੰਘ ਟਿੱਬਾ, ਭਾਰਤੀ ਕਿਸਾਨ ਯੂਨੀਅਨ ਡਕੌਂਦਾ ਦੇ ਧਰਮਿੰਦਰ ਸਿੰਘ, ਰਾਣਾ ਸੈਦੋਵਾਲ, ਗੁਰਦੇਵ ਸਿੰਘ, ਪਰਵਿੰਦਰ ਸਿੰਘ ਸੈਦੋਵਾਲ, ਮੁਖਤਾਰ ਸਿੰਘ ਚੰਦੀ ਜਨਰਲ ਸਕੱਤਰ, ਪ੍ਰਤਾਪ ਸਿੰਘ ਮੋਮੀ ਸੇਵਾ ਮੁਕਤ ਐੱਸ ਡੀ ਓ, ਮਲਕੀਤ ਸਿੰਘ ਸ਼ੇਰਪੁਰ ਸੱਧਾ, ਨਿਰਮਲ ਸਿੰਘ ਸ਼ੇਰਪੁਰ ਸੱਦਾ ਪੇਂਡੂ ਮਜਦੂਰ ਯੂਨੀਅਨ, ਜਸਵਿੰਦਰ ਸਿੰਘ ਬਲਾਕ ਪ੍ਰਧਾਨ, ਸੁਮਨਦੀਪ ਕੌਰ ਪ੍ਰਧਾਨ ਮਹਿਲਾ ਵਿੰਗ, ਰੇਸ਼ਮ ਸਿੰਘ ਤੇ ਮਨਜੀਤ ਸਿੰਘ ਬਿਧੀਪੁਰ, ਸੁਖਦੇਵ ਸਿੰਘ, ਜਗਜੀਤ ਸਿੰਘ, ਜਸਵੰਤ ਸਿੰਘ, ਜਗਗੂਰੂ ਸਿੰਘ, ਪੰਜਾਬ ਕਿਸਾਨ ਯੂਨੀਅਨ ਬਾਗੀ ਦੇ ਸੰਦੀਪ ਪਾਲ ਸਿੰਘ, ਫੌਜਾ ਸਿੰਘ, ਸੁਖਵਿੰਦਰ ਸਿੰਘ ਸ਼ਹਿਰੀ ਆਦਿ ਵੀ ਹਾਜਰ ਸਨ।

ਕੌਮੀ ਯੋਗਾ ਮੁਕਾਬਲਿਆਂ ਦੇ ਦੂਜੇ ਦਿਨ ਵਿਦਿਆਰਥੀਆਂ ਵੱਲੋਂ ਸ਼ਾਨਦਾਰ ਪ੍ਰਦਰਸ਼ਨ

ਹੁਸ਼ਿਆਰਪੁਰ, : (ਓ ਪੀ ਰਾਣਾ) ਜਵਾਹਰ ਨਵੋਦਿਆ ਵਿਦਿਆਲਿਆ ਫਲਾਹੀ ਵਿੱਚ ਦੇਸ਼ ਦੇ 649 ਜਵਾਹਰ ਨਵੋਦਿਆ ਵਿਦਿਆਲਿਆਂ ਦੇ 335 ਵਿਦਿਆਰਥੀ ਦੇ ਤਿੰਨ ਰੋਜਾ ਕੌਮੀ ਯੋਗਾ ਮੁਕਾਬਲਿਆਂ ਦੇ ਦੂਜੇ ਦਿਨ ਵਿਦਿਆਰਥੀਆਂ ਵੱਲੋਂ ਯੋਗਾ ਦਾ ਸ਼ਾਨਦਾਰ ਪ੍ਰਦਰਸ਼ਨ ਕੀਤਾ ਗਿਆ। ਕਲਾਤਮਿਕ ਯੋਗਾ ਮੁਕਾਬਲਿਆਂ ਵਿੱਚ 14 ਸਾਲ ਵਰਗ ਲੜਕਿਆਂ ਵਿਚ ਦੀਵਾਂਸ਼ੂ (ਲਖਨਊ ਰੀਜਨ) ਨੇ ਪਹਿਲਾ, ਮਯੰਕ ਕੁਮਾਰ (ਪਟਨਾ ਰੀਜਨ) ਨੇ ਦੂਜਾ, ਨਾਤਿਕ (ਜੈਪੁਰ ਰੀਜਨ) ਨੇ ਤੀਜਾ, 14 ਸਾਲ ਵਰਗ ਦੀਆਂ ਲੜਕੀਆਂ ਅਸ਼ਿਤਾ ਗੁਪਤਾ (ਲਖਨਊ ਰੀਜਨ) ਨੇ ਪਹਿਲਾ, ਵਿਸ਼ਨੂੰ ਪ੍ਰਿਯਾ (ਹੈਦਰਾਬਾਦ ਰੀਜਨ) ਨੇ ਦੂਜਾ ਅਤੇ ਮਹਿਮਾ ਚੌਧਰੀ (ਜੈਪੁਰ ਰੀਜਨ) ਨੇ ਤੀਜਾ ਸਥਾਨ ਹਾਸਲ ਕੀਤਾ। 17 ਸਾਲ ਵਰਗ ਦੇ ਲੜਕਿਆਂ ਵਿੱਚੋਂ ਰਕੇਸ਼ ਮਾਨਾ (ਪਟਨਾ ਰੀਜਨ) ਨੇ ਪਹਿਲਾ, ਐਸ ਜਸਵਥ ਸਾਏ (ਹੈਦਰਾਬਾਦ ਰੀਜਨ) ਨੇ ਦੂਜਾ, ਅਰਮਾਨ (ਲਖਨਊ ਰੀਜਨ) ਨੇ ਤੀਜਾ ਅਤੇ 17 ਸਾਲ ਵਰਗ ਲੜਕੀਆਂ ਵਿੱਚੋਂ ਪ੍ਰੀਤੀ ਰਨਬਿਦਾ (ਭੋਪਾਲ ਰੀਜਨ) ਨੇ ਪਹਿਲਾ, ਜਯੋਤਿਕਾ ਕੁਮਾਰੀ (ਪਟਨਾ ਰੀਜਨ) ਨੇ ਦੂਜਾ ਅਤੇ ਸ਼ਾਨਵੀ ਯਾਦਵ (ਲਖਨਊ ਰੀਜਨ) ਨੇ ਤੀਜਾ ਸਥਾਨ ਹਾਸਲ ਕਰਕੇ ਜਿੱਤ ਦੇ ਝੰਡੇ ਗੱਡੇ।

ਰਵਾਇਤੀ ਯੋਗਾ ਆਸਨਾਂ ਦੇ ਟੀਮਾਂ ਦੇ ਮੁਕਾਬਲਿਆਂ ਵਿਚ 14 ਸਾਲ ਵਰਗ ਦੇ ਲੜਕਿਆਂ ਵਿੱਚੋਂ ਲਖਨਊ ਰੀਜਨ ਪਹਿਲੇ, ਭੋਪਾਲ ਰੀਜਨ ਦੂਜੇ ਅਤੇ ਜੈਪੁਰ ਰੀਜਨ ਤੀਜੇ, 14 ਸਾਲ ਵਰਗ ਦੀਆਂ ਲੜਕੀਆਂ ਵਿੱਚੋਂ ਭੋਪਾਲ ਰੀਜਨ ਪਹਿਲੇ, ਜੈਪੁਰ ਰੀਜਨ ਦੂਜੇ ਅਤੇ ਲਖਨਊ ਰੀਜਨ ਤੀਜੇ ਸਥਾਨ 'ਤੇ ਰਹੇ।

ਰਵਾਇਤੀ ਯੋਗਾ ਆਸਣਾਂ ਦੇ ਟੀਮਾਂ ਦੇ ਮੁਕਾਬਲਿਆਂ ਵਿਚ 17 ਸਾਲ ਵਰਗ ਦੇ ਲੜਕਿਆਂ ਵਿੱਚੋਂ ਲਖਨਊ ਰੀਜਨ ਪਹਿਲੇ, ਭੋਪਾਲ ਦੂਜੇ ਅਤੇ ਪਟਨਾ ਰੀਜਨ ਤੀਜੇ, 17 ਸਾਲ ਵਰਗ ਦੀਆਂ ਲੜਕੀਆਂ ਵਿੱਚੋਂ ਭੋਪਾਲ ਰੀਜਨ ਪਹਿਲੇ, ਪਟਨਾ ਰੀਜਨ ਦੂਜੇ ਅਤੇ ਜੈਪੁਰ ਰੀਜਨ ਤੀਜੇ ਸਥਾਨ 'ਤੇ ਰਹੇ।

ਪ੍ਰਿੰਸੀਪਲ ਰੰਜੂ ਦੁੱਗਲ ਨੇ ਜਾਣਕਾਰੀ ਦਿੱਤੀ ਕਿ ਇਸ ਮੌਕੇ ਨਵੋਦਿਆ ਵਿਦਿਆਲਿਆ ਸਮਿਤੀ ਖੇਤਰੀ ਦਫ਼ਤਰ ਚੰਡੀਗੜ੍ਹ ਦੇ ਸਹਾਇਕ ਕਮਿਸ਼ਨਰ ਸੰਤੋਸ਼ ਸ਼ਰਮਾ, ਅਨੀਤਾ ਕੁਮਾਰੀ, ਆਰ. ਕੇ ਵਰਮਾ, ਡੀ ਡੀ ਸ਼ਰਮਾ, ਵੱਖ-ਵੱਖ ਜਵਾਹਰ ਨਵੋਦਿਆ ਵਿਦਿਆਲਿਆਂ ਦੇ ਪ੍ਰਿੰਸੀਪਲ ਐਸ. ਡੀ. ਸ਼ਰਮਾ, ਰਵਿੰਦਰ ਕੁਮਾਰ, ਰਵਿੰਦਰ ਸਿੰਘ, ਨਿਸ਼ੀ ਗੋਇਲ, ਸੁਨੀਤਾ, ਦਿਨੇਸ਼ ਸਰਸਵਤ, ਟੀਮਾਂ ਦੇ ਮੈਨੇਜਰ, ਸੀਨੀਅਰ ਅਧਿਆਪਕ ਸੰਜੀਵ ਕੁਮਾਰ ਤੋਂ ਇਲਾਵਾ ਵੱਖ-ਵੱਖ ਸਕੂਲਾਂ ਤੋਂ ਆਏ ਅਤੇ ਨਵੋਦਿਆ ਫਲਾਹੀ ਦੇ ਸਟਾਫ ਮੈਂਬਰ ਹਾਜ਼ਰ ਸਨ।

21 ਗੁਰਮਤਿ ਸਮਾਗਮਾਂ ਦੀ ਲੜੀ 15 ਤੋਂ ਹੋਵੇਗੀ ਅਰੰਭ

ਨਵਾਂਸ਼ਹਿਰ (ਕੁਲਵਿੰਦਰ ਸਿੰਘ ਦੁਰਗਾਪੁਰੀਆ)-ਗੁਰੂ ਨਾਨਕ ਮਿਸ਼ਨ ਸੇਵਾ ਸੁਸਾਇਟੀ ਅਤੇ ਗੁਰੂ ਕੀ ਰਸੋਈ ਵੱਲੋਂ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਮੌਕੇ ਨਵਾਂਸ਼ਹਿਰ ਵਿਖੇ 4, 5 ਅਤੇ 6 ਨਵੰਬਰ ਨੂੰ ਕਰਵਾਏ ਜਾ ਰਹੇ ਜ਼ਿਲ੍ਹਾ ਪੱਧਰੀ ਮਹਾਨ ਕੀਰਤਨ ਦਰਬਾਰ ਨੂੰ ਸਮਰਪਤ ਵਿਸ਼ੇਸ਼ ਗੁਰਮਿਤ ਸਮਾਗਮਾਂ ਦੀ ਲੜੀ ਮਿਤੀ 15 ਸਤੰਬਰ ਤੋਂ ਅਰੰਭ ਕੀਤੀ ਜਾਵੇਗੀ ਜਿਸ ਦੌਰਾਨ ਇਸ ਵਾਰ ਕੁੱਲ 21 ਗੁਰਮਤਿ ਸਮਗਾਮ ਕਰਵਾਏ ਜਾਣਗੇ। 18 ਸਮਾਗਮ ਜ਼ਿਲਾ ਸ਼ਹੀਦ ਭਗਤ ਸਿੰਘ ਨਗਰ ਅਤੇ 3 ਸਮਾਗਮ ਜ਼ਿਲ੍ਹਾ ਹੁਸ਼ਿਆਰਪੁਰ ਵਿਖੇ ਕਰਵਾਏ ਜਾਣਗੇ। ਗੁਰਮਤਿ ਸਮਾਗਮਾਂ ਦੀ ਇਸ ਲੜੀ ਦੀ ਅਰੰਭਤਾ ਗੁਰਦੁਆਰਾ ਟਾਹਲੀ ਸਾਹਿਬ ਨਵਾਂਸ਼ਹਿਰ ਵਿਖੇ 15 ਸਤੰਬਰ ਨੂੰ ਕਰਵਾਏ ਜਾਣ ਵਾਲੇ ਸਮਾਗਮ ਤੋਂ ਕੀਤੀ ਜਾਵੇਗੀ। ਜਾਣਕਾਰੀ ਦਿੰਦਿਆਂ ਸੁਸਾਇਟੀ ਦੇ ਮੁੱਖ ਸੇਵਾਦਾਰ ਸੁਰਜੀਤ ਸਿੰਘ ਨੇ ਦੱਸਿਆ ਕਿ ਇਸ ਲੜੀ ਦੌਰਾਨ 16 ਸਤੰਬਰ ਨੂੰ ਗੁਰਦੁਆਰਾ ਗੁਰੂ ਅੰਗਦ ਨਗਰ ਨਵਾਂਸ਼ਹਿਰ, 17 ਨੂੰ ਸ਼ੇਖੂਪੁਰ ਬਾਗ,19 ਨੂੰ ਗੁਰੂ ਕੀ ਰਸੋਈ ਖੈਰੜ ਅੱਛਰਵਾਲ, 20 ਨੂੰ ਪਿੰਡ ਉਸਮਾਨਪੁਰ, 23 ਨੂੰ ਗੁ: ਚਰਨ ਕੰਵਲ ਸਾਹਿਬ ਬੰਗਾ, 24 ਨੂੰ ਅਟਾਰੀ (ਰਾਮਪੁਰ), 27ਨੂੰ ਆਕਲਿਆਣਾ, 28ਨੂੰ ਤਲਵੰਡੀ ਫੱਤੂ, 30 ਸਤੰਬਰ ਨੂੰ ਰੁੜਕੀ ਖਾਸ, 1 ਅਕਤੂਬਰ ਨੂੰ ਦੌਲਤਪੁਰ, 2 ਨੂੰ ਗੁ: ਗੁਰੂ ਤੇਗ ਬਹਾਦਰ ਸਾਹਿਬ ਰਾਹੋਂ, 4 ਨੂੰ ਸੁੱਧਾ ਮਾਜਰਾ, 5 ਨੂੰ ਬਛੌੜੀ, 7 ਨੂੰ ਗੁ: ਸਿੰਘ ਸਭਾ ਗੜ੍ਹਸ਼ੰਕਰ, 8 ਨੂੰ ਰਾਮਰਾਇਪੁਰ, 10 ਨੂੰ ਕਰਿਆਮ, 11 ਨੂੰ ਭਾਰਟਾ ਖੁਰਦ, 12 ਨੂੰ ਚੱਕਦਾਨਾ ਅਤੇ 13 ਅਕਤੂਬਰ ਨੂੰ ਜੱਥੋਵਾਲ ਵਿਖੇ ਗੁਰਮਤਿ ਸਮਾਗਮ ਕਰਵਾਏ ਜਾਣਗੇ। ਇਸ ਲੜੀ ਦੀ ਸੰਪੂਰਨਤਾ 15 ਅਕਤੂਬਰ ਨੂੰ ਗੁਰਦੁਆਰਾ ਸਿੰਘ ਸਭਾ ਨਵਾਂਸ਼ਹਿਰ ਵਿਖੇ ਹੋਣ ਸਮਾਗਮ ਨਾਲ ਹੋਵੇਗੀ । ਪਿੰਡ ਅਟਾਰੀ (ਰਾਮਪੁਰ) ਨੂੰ ਛੱਡ ਕੇ ਬਾਕੀ ਸਾਰੇ ਹੀ ਸਮਾਗਮ ਸ਼ਾਮ 6.00 ਵਜੇ ਤੋਂ ਲੈ ਕੇ ਰਾਤ 9.00 ਵਜੇ ਤੱਕ ਹੋਣਗੇ ਜਦ ਕਿ 24 ਸਤੰਬਰ ਨੂੰ ਪਿੰਡ ਅਟਾਰੀ ਵਿਖੇ ਹੋਣ ਵਾਲਾ ਸਮਾਗਮ ਸਵੇਰੇ 10 ਤੋਂ ਦੁਪਹਿਰ 1 ਵਜੇ ਤੱਕ ਹੋਵੇਗਾ। ਇਨ੍ਹਾਂ ਵਿਸ਼ੇਸ਼ ਸਮਾਗਮਾਂ ਦੌਰਾਨ ਸਿੱਖ ਪੰਥ ਦੇ ਮਹਾਨ ਕੀਰਤਨੀਏ ਰਸਭਿੰਨੇ ਗੁਰਬਾਣੀ ਕੀਰਤਨ ਨਾਲ ਸੰਗਤਾਂ ਨੂੰ ਨਿਹਾਲ ਕਰਨਗੇ। ਇਨ੍ਹਾਂ ਤੋਂ ਇਲਾਵਾ ਪੰਥ ਦੇ ਪ੍ਰਸਿੱਧ ਵਿਦਵਾਨ ਅਤੇ ਕਥਾਵਾਚਕ ਗੁਰੂ ਸਾਹਿਬ ਦੇ ਜੀਵਨ ਇਤਿਹਾਸ ਅਤੇ ਗੁਰਮਤਿ ਵਿਚਾਰਾਂ ਨਾਲ ਸੰਗਤਾਂ ਨੂੰ ਜੋੜਨਗੇ।

ਈ-ਆਟੋ ਰਿਕਸ਼ਾ ਯੂਨੀਅਨ ਫਿਲੌਰ ਦੀ ਚੋਣ

ਫਿਲੌਰ (ਨਿਰਮਲ) ਈ-ਆਟੋ ਰਿਕਸ਼ਾ ਯੂਨੀਅਨ ਫਿਲੌਰ (ਅੱਡਾ ਲੁਧਿਆਣਾ) ਦੇ ਸੈਕੜੇ ਆਟੋ ਚਾਲਕ ਫਿਲੌਰ ਦਿੱਲੀ ਸ਼ਹੀਦਾਂ ਦੇ ਮੋਰਚੇ ਦੇ ਫਿਲੌਰ ਦਫਤਰ ਵਿੱਚ ਇਕੱਠੇ ਹੋਏ ਤੇ ਆਪਣੀਆਂ ਸਮੱਸਿਆਵਾਂ ਸੰਬੰਧੀ ਵਿਚਾਰ ਵਟਾਂਦਰਾ ਕੀਤਾ। ਇਸ ਸਮੇਂ ਉਨ੍ਹਾਂ ਵਲੋਂ ਸਰਬਸੰਮਤੀ ਨਾਲ ਈ-ਆਟੋ ਰਿਕਸ਼ਾ ਯੂਨੀਅਨ ਫਿਲੌਰ ਦਾ ਗਠਨ ਕੀਤਾ ਗਿਆ ਤੇ ਆਰਜ਼ੀ ਕਮੇਟੀ ਦਾ ਗਠਨ ਕੀਤਾ ਜਿਸ ਵਿੱਚ ਪ੍ਰਧਾਨ ਜਸਕਰਨ ਸਿੰਘ, ਸਕੱਤਰ ਰਹੁਲ, ਵਾਇਸ ਪ੍ਰਧਾਨ ਹਰਦੀਪ ਸਿੰਘ, ਜੁਆਇੰਟ ਸਕੱਤਰ ਕੁਲਵਿੰਦਰ ਕੁਮਾਰ, ਖਜ਼ਾਨਚੀ ਰਾਜੂ ਗੰਨਾ ਪਿੰਡ ਦੀ ਚੋਣ ਕੀਤੀ ਗਈ। ਇਸ ਸਮੇਂ ਦਿਹਾਤੀ ਮਜ਼ਦੂਰ ਸਭਾ ਤਹਿਸੀਲ ਫਿਲੌਰ ਦੇ ਪ੍ਰਧਾਨ ਜਰਨੈਲ ਫਿਲੌਰ ਨੇ ਮੀਟਿੰਗ ਨੂੰ ਖਾਸ ਤੌਰ 'ਤੇ ਸੰਬੋਧਨ ਕੀਤਾ ਤੇ ਵਿਸ਼ਵਾਸ ਦਿਵਾਇਆ ਕਿ ਈ-ਆਟੋ ਰਿਕਸ਼ਾ ਚਾਲਕਾਂ ਦੀਆਂ ਮੰਗਾਂ ਤੇ ਸਮੱਸਿਆਵਾਂ ਦੇ ਹੱਲ ਲਈ ਉਨ੍ਹਾਂ ਦੇ ਹਰ ਸੰਘਰਸ਼ ਵਿੱਚ ਵਧ ਚੜ੍ਹ ਕੇ ਸਾਥ ਦਿੱਤਾ ਜਾਵੇਗਾ। ਇਸ ਸਮੇਂ ਸ਼ਹੀਦ ਭਗਤ ਸਿੰਘ ਨੌਜਵਾਨ ਸਭਾ ਦੇ ਆਗੂ ਪਰਸ਼ੋਤਮ ਫਿਲੌਰ ਤੇ ਨਸ਼ਾ ਵਿਰੋਧੀ ਸੰਘਰਸ਼ ਕਮੇਟੀ ਦੇ ਆਗੂ ਮਾਸਟਰ ਹੰਸ ਰਾਜ ਸੰਤੋਖਪੁਰਾ ਨੇ ਵੀ ਆਪਣੇ ਵਿਚਾਰ ਸਾਂਝੇ ਕੀਤੇ। ਇਸ ਸਮੇਂ ਈ-ਆਟੋ ਰਿਕਸ਼ਾ ਯੂਨੀਅਨ ਦੇ ਪ੍ਰਧਾਨ ਜਸਕਰਨ ਸਿੰਘ ਤੇ ਸਕੱਤਰ ਰਾਹੁਲ ਨੇ ਦੱਸਿਆ ਕਿ ਜਲਦੀ ਹੀ ਤਹਿਸੀਲ ਪੱਧਰ ਦੀ ਮੀਟਿੰਗ ਕਰਕੇ ਅਗਲੇ ਸੰਘਰਸ਼ ਦਾ ਐਲਾਨ ਕੀਤਾ ਜਾਵੇਗਾ। ਇਸ ਸਮੇਂ ਹਰਜਿੰਦਰ ਸਿੰਘ ਸੈਫਾਬਾਦ, ਹਰਦੀਪ ਤਹਿੰਗ, ਕੁਲਵਿੰਦਰ ਫਿਲੌਰ, ਗੁਰਜੀਤ ਗੜ੍ਹਾ, ਸੈਂਟੀ ਝੁੱਗੀਆਂ ਮਹਾਂ ਸਿੰਘ, ਪਰਸ਼ੋਤਮ ਰਵਿਦਾਸਪੁਰਾ, ਸੁਨੀਲ ਕੁਮਾਰ ਖਹਿਰਾ, ਪੰਚ ਸੈਫਾਬਾਦ, ਬੰਟੀ ਝੁੱਗੀਆਂ ਮਹਾਂ ਸਿੰਘ, ਸੰਤੋਸ਼ ਮੰਡਲ ਕਲਸਾ ਨਗਰ, ਅਮਰ ਨਾਥ ਸਚਦੇਵਾ, ਲੈਂਬਰ ਸਿੰਘ ਨੰਗਲ਼, ਜਸਕਰਨ ਸਿੰਘ ਦਸ਼ਮੇਸ਼ ਨਗਰ, ਸੁਰੇਸ਼ ਸੈਫਾਬਾਦ, ਪਰਮਿੰਦਰ ਸੈਫਾਬਾਦ, ਜਨਕ ਲਾਲ ਸੰਤੋਖਪੁਰਾ, ਰਾਮ ਪਾਲ ਭੈਣੀ, ਗੋਪੀ ਸਗਨੇਵਾਲ, ਰਾਹੁਲ ਖਹਿਰਾ, ਰਾਮ ਨਿਵਾਜ ਫਿਲੌਰ, ਨਿੱਕੂ ਸੰਤੋਖਪੁਰਾ, ਦੇਵ ਰਾਜ ਬੱਛੋਵਾਲ, ਮਨਜੀਤ ਰਾਮ ਨਗਰ, ਲੱਭਾ ਰਾਮ ਗੰਨਾ ਪਿੰਡ ਤੇ ਰਾਜੂ ਗੰਨਾ ਪਿੰਡ ਆਦਿ ਹਾਜ਼ਰ ਸਨ।

ਡਾ. ਸ਼ਰਮਾ ਸਰਬਸੰਮਤੀ ਨਾਲ ਮੁੜ ਨਵਯੁਵਕ ਦੁਸਹਿਰਾ ਕਮੇਟੀ ਦੇ ਪ੍ਰਧਾਨ ਚੁਣੇ

ਫਿਲੌਰ, (ਨਿਰਮਲ)- ਇਥੇ ਦੁਸਹਿਰਾ ਗਰਾਊਂਡ ਵਿਖੇ ਨਵਯੁਵਕ ਦੁਸਹਿਰਾ ਕਮੇਟੀ ਦੀ ਮੀਟਿੰਗ ਹੋਈ, ਜਿਸ 'ਚ ਪ੍ਰਮੋਦ ਵਸੰਧਰਾਏ,ਰਵੀਕਾਂਤ ਗੁਪਤਾ, ਸੁਦੇਸ਼ ਗੁਪਤਾ,

ਅਸਸ਼ਕ ਬੱਤਰਾ, ਬੀ.ਕੇ ਸ਼ਰਮਾ, ਅਸ਼ਵਨੀ ਭਾਪਾ, ਤਿਲਕਰਾਜ ਭਾਪਾ, ਕੌਂਸਲਰ ਡਾ.ਵੈਭਵ ਸ਼ਰਮਾ, ਵਿਨੋਦ ਸ਼ਰਮਾ, ਪੂਰਨ ਚੰਦ ਸ਼ਰਮਾ, ਸਤਿਨਾਮ ਕਾਲਾ, ਰਾਜੀਵ ਦੁੱਗਲ, ਵਿਕਾਸ ਕੁਮਾਰ, ਨਰੇਸ਼ ਸ਼ਰਮਾ,ਸ਼ੁੱਭਮ ਸ਼ਰਮਾ ਆਦਿ ਸ਼ਾਮਿਲ ਹੋਏ। ਮੀਟਿੰਗ 'ਚ ਡਾ.ਰਾਕੇਸ਼ ਸ਼ਰਮਾ ਨੂੰ ਸਰਬਸੰਮਤੀ ਨਾਲ ਮੁੜ ਨਵਯੁਵਕ ਦੁਸਹਿਰਾ ਕਮੇਟੀ ਦਾ ਪ੍ਰਧਾਨ ਚੁਣ ਲਿਆ ਗਿਆ। ਡਾ. ਸ਼ਰਮਾ ਨੇ ਸਾਰਿਆਂ ਦਾ ਧੰਨਵਾਦ ਕਰਦੇ ਹੋਏ ਕਿਹਾ ਕਿ 24 ਅਕਤੂਬਰ ਨੂੰ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ (ਲੜਕੇ) ਦੇ ਗਰਾਊਂਡ ਵਿਖੇ ਸ਼ਰਧਾ ਅਤੇ ਧੂਮਧਾਮ ਨਾਲ ਦੁਸਹਿਰਾ ਮਨਾਇਆ ਜਾਵੇਗਾ।

ਰਿਆਤ ਬਾਹਰਾ ਲਾਅ ਕਾਲਜ ਦੇ ਵਿਦਿਆਰਥੀਆਂ ਨੇ ਪਿੰਡ ਵਾਸੀਆਂ ਨੂੰ ਕੀਤਾ ਜਾਗਰੂਕ

ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)-ਰਿਆਤ ਬਾਹਰਾ ਲਾਅ ਕਾਲਜ ਦੇ ਵਿਦਿਆਰਥੀਆਂ ਵੱਲੋਂ ਪਿੰਡ ਬੂਥਗੜ੍ਹ ਵ

13-SEP-PAGE-10.qxd 9/12/2023 10:55 PM Page 1

ਜਲ ਸਪਲਾਈ ਵਿਭਾਗ ਦੇ ਇਨਲਿਸਟਮੈਂਟ/ਆਊਟਸੋਰਸ ਠੇਕਾ ਮੁਲਾਜ਼ਮ ਸੂਬਾ ਪੱਧਰੀ ਰੈਲੀ 'ਚ ਸ਼ਾਮਲ ਹੋਣਗੇ

ਜਲਾਲਾਬਾਦ (ਜੀਤ ਕੁਮਾਰ)

ਜਲ ਸਪਲਾਈ ਤੇ ਸੈਨੀਟੇਸ਼ਨ ਕੰਟਰੈਕਟ ਵਰਕਰਜ ਯੂਨੀਅਨ ਪੰਜਾਬ (ਰਜਿ.31) ਦੇ ਸੂਬਾ ਪ੍ਰਧਾਨ ਵਰਿੰਦਰ ਸਿੰਘ ਮੋਮੀ, ਸੂਬਾ ਜਨਰਲ ਸਕੱਤਰ ਕੁਲਦੀਪ ਸਿੰਘ ਬੁੱਢੇਵਾਲ ਤੇ ਸੂਬਾ ਪ੍ਰੈਸ ਸਕੱਤਰ ਸਤਨਾਮ ਸਿੰਘ ਫਲੀਆਂਵਾਲਾ ਨੇ ਬੀਤੇ ਦਿਨੀਂ ਪਾਣੀ ਵਾਲੀ ਟੈਂਕੀ, ਨੇੜੇ ਪ੍ਰਤਾਪ ਚੌਕ ਲੁਧਿਆਣਾ ਵਿਖੇ ਯੂਨੀਅਨ ਦੀ ਸੂਬਾ ਕਮੇਟੀ ਦੀ ਹੋਈ ਮੀਟਿੰਗ ਸਬੰਧੀ ਕਿਹਾ ਕਿ ਠੇਕਾ ਮੁਲਾਜ਼ਮ ਸੰਘਰਸ਼ ਮੋਰਚਾ ਪੰਜਾਬ ਦੇ ਬੈਨਰ ਹੇਠ ਸਮੂਹ ਵਿਭਾਗਾਂ ਦੇ ਹਰ ਕੈਟਾਗਿਰੀ ਅਧੀਨ ਸਾਲਾਂਬੱਧੀ ਅਰਸੇ ਤੋਂ ਸੇਵਾਵਾਂ ਦੇ ਰਹੇ ਠੇਕਾ ਕਾਮਿਆਂ ਨੂੰ ਉਨ੍ਹਾਂ ਦੇ ਪਿੱਤਰੀ ਵਿਭਾਗਾਂ 'ਚ ਤਜਰਬੇ ਦੇ ਅਧਾਰ 'ਤੇ ਸ਼ਾਮਲ ਕਰਕੇ ਰੈਗੂਲਰ ਕਰਨ ਲਈ ਚੱਲ ਰਹੇ ਸੰਘਰਸ਼ ਵਿਚ ਵਧ-ਚੜ੍ਹ ਕੇ ਪਰਵਾਰਾਂ ਸਮੇਤ ਜਲ ਸਪਲਾਈ ਵਰਕਰਾਂ ਨੂੰ ਹਿੱਸਾ ਲੈਣ ਲਈ ਲਾਮਬੰਦ ਕੀਤਾ ਗਿਆ ਹੈ।

ਉਨ੍ਹਾਂ ਅੱਗੇ ਕਿਹਾ ਕਿ ਪੰਜਾਬ 'ਚ ਪਹਿਲਾਂ ਰਾਜ ਕਰ ਚੁੱਕੀਆਂ ਅਕਾਲੀ-ਭਾਜਪਾ ਅਤੇ ਕਾਂਗਰਸ ਦੀਆਂ ਸਰਕਾਰਾਂ ਦੀ ਤਰ੍ਹਾਂ ਹੀ ਹੁਣ 'ਆਪ' ਸਰਕਾਰ ਵੀ ਜਲ ਸਪਲਾਈ ਅਤੇ ਸੈਨੀਟੇਸ਼ਨ ਵਿਭਾਗ 'ਚ ਫੀਲਡ ਅਤੇ ਦਫ਼ਤਰਾਂ 'ਚ ਇਕ ਵਰਕਰ ਦੇ ਰੂਪ ਵਿਚ ਰੈਗੂਲਰ ਮੁਲਾਜ਼ਮਾਂ ਵਾਂਗ ਸੇਵਾਵਾਂ ਦੇ ਰਹੇ ਬਤੌਰ ਇਨਲਿਸਟਮੈਂਟ ਤੇ ਆਊਟਸੋਰਸ ਠੇਕਾ ਮੁਲਾਜ਼ਮਾਂ ਨਾਲ ਬੇਇਮਾਨੀ ਵਾਲੇ ਵਤੀਰੇ ਨੂੰ ਜਾਰੀ ਰੱਖਿਆ ਹੋਇਆ ਹੈ, ਕਿਉਂਕਿ ਪਿਛਲੇ 15-20 ਸਾਲਾਂ ਦੇ ਲੰਬੇ ਅਰਸੇ ਤੋਂ ਨਿਗੂਣੀਆਂ ਤਨਖਾਹਾਂ 'ਤੇ ਤਨਦੇਹੀ ਨਾਲ ਲਗਾਤਾਰ ਸੇਵਾਵਾਂ ਦੇ ਆ ਰਹੇ ਉਕਤ ਠੇਕਾ ਮੁਲਾਜ਼ਮਾਂ ਨੂੰ ਵਿਭਾਗ 'ਚ ਸ਼ਾਮਲ ਕਰਨ ਸਬੰਧੀ ਅਣਗੌਲਿਆ ਕਰਕੇ ਪਿਛਲੀਆਂ ਸਰਕਾਰਾਂ ਦੀ ਤਰ੍ਹਾਂ ਧ੍ਰੋਹ ਕਮਾ ਰਹੀ ਹੈ। ਇਨ੍ਹਾਂ ਇਨਲਿਸਟਮੈਂਟ/ਆਊਟਸੋਰਸ ਮੁਲਾਜ਼ਮਾਂ ਨੂੰ ਨਿਗੂਣਾ ਮਿਹਨਤਾਨੇ ਦੇ ਇਲਾਵਾ ਈ ਪੀ ਐਫ ਈ ਐਸ ਆਈ ਈ ਵਰਗੀਆਂ ਤਮਾਮ ਸਰਕਾਰੀ ਸਹੂਲਤਾਂ ਤੋਂ ਵਾਂਝਾ ਰੱਖਿਆ ਹੋਇਆ ਹੈ। ਪੰਜਾਬ ਸਰਕਾਰ ਵੱਲੋਂ ਆਪਣੇ ਕਰੀਬ ਡੇਢ ਸਾਲ ਦੇ ਕਾਰਜਕਾਲ 'ਚ ਇਨਲਿਸਟਮੈਂਟ/ਆਊਟਸੋਰਸ ਠੇਕਾ ਮੁਲਾਜ਼ਮਾਂ ਨੂੰ ਰੈਗੂਲਰ ਕਰਨ ਬਾਰੇ ਅਜੇ ਤੱਕ ਕੋਈ ਵੀ ਨੀਤੀ ਬਣਾਈ ਹੈ। ਯੂਨੀਅਨ ਵੱਲੋਂ ਮੰਗ ਕੀਤੀ ਗਈ ਕਿ ਸਮੂਹ ਸਰਕਾਰੀ ਵਿਭਾਗਾਂ ਦੇ ਇਨਲਿਸਟਮੈਂਟ,ਆਉਟਸੋਰਸ ਠੇਕਾ ਮੁਲਾਜ਼ਮਾਂ ਨੂੰ ਤਜਰਬੇ ਦੇ ਆਧਾਰ ਤੇ ਵਿਭਾਗਾਂ ਵਿੱਚ ਮਰਜ਼ ਕਰਕੇ ਰੈਗੂਲਰ ਕੀਤਾ ਜਾਵੇ, 15ਵੀਂ ਲੇਬਰ ਕਾਨਫਰੰਸ ਦੇ ਫਾਰਮੂਲੇ ਮੁਤਾਬਕ ਅਣ-ਸਿੱਖਿਅਤ ਠੇਕਾ ਮੁਲਾਜ਼ਮ ਦੀ ਤਨਖ਼ਾਹ ਘੱਟੋ-ਘੱਟ 25 ਹਜ਼ਾਰ ਰੁਪਏ ਨਿਸ਼ਚਿਤ ਕੀਤੀ ਜਾਵੇ, ਡਿਊਟੀ ਦੌਰਾਨ ਆਪਣੀ ਜਾਨ ਗਵਾ ਚੁੱਕੇ ਠੇਕਾ ਮੁਲਾਜ਼ਮਾਂ ਦੇ ਵਾਰਸਾਂ ਨੂੰ ਘੱਟੋ-ਘੱਟ 50 ਲੱਖ ਰੁਪਏ ਮੁਆਵਜ਼ਾ ਤੇ ਸਰਕਾਰੀ ਨੌਕਰੀ ਦਿੱਤੀ ਜਾਵੇ, ਵਾਟਰ ਸਪਲਾਈ ਸਕੀਮਾਂ 'ਤੇ ਸਕਾਡਾ ਸਿਸਟਮ ਲਾਉਣ ਦਾ ਫੈਸਲਾ ਤੁਰੰਤ ਵਾਪਸ ਲਿਆ ਜਾਵੇ, ਸਮੂਹ ਸਰਕਾਰੀ ਵਿਭਾਗਾਂ ਦੇ ਪੰਚਾਇਤੀਕਰਨ/ਨਿੱਜੀਕਰਨ ਦੀ ਨੀਤੀ ਨੂੰ ਰੱਦ ਕੀਤਾ ਜਾਵੇ।

ਸਰਕਾਰ ਲੋਕਾਂ ਦੇ ਸਬਰ ਦਾ ਇਮਤਿਹਾਨ ਲੈ ਰਹੀ : ਹਰਜਿੰਦਰ ਬੱਗੀ

ਗੈਸ ਪਾਈਪ ਲਾਈਨ ਪਾਉਣ ਬਦਲੇ ਮੁਆਵਜ਼ੇ ਨੂੰ ਲੈ ਕੇ ਧਰਨਾ ਜਾਰੀ

ਤਲਵੰਡੀ ਸਾਬੋ (ਜਗਦੀਪ ਗਿੱਲ)-ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਬਲਾਕ ਮੌੜ ਤੇ ਤਲਵੰਡੀ ਸਾਬੋ ਵੱਲੋਂ ਗੈਸ ਪਾਇਪ ਲਾਈਨ ਕੰਪਨੀ ਤੋਂ ਪੂਰਾ ਮੁਆਵਜ਼ਾ ਲੈਣ ਲਈ ਪਿੰਡ ਲੇਲੇਵਾਲਾ ਵਿਖੇ ਪੱਕਾ ਮੋਰਚਾ 73ਵੇਂ ਦਿਨ ਵੀ ਜਾਰੀ ਰਿਹਾ। ਕਿਸਾਨਾਂ ਵੱਲੋਂ ਆਪਣੇ ਹੱਕ ਲੈਣ ਲਈ ਦ੍ਰਿੜ੍ਹ ਇਰਾਦੇ ਨਾਲ ਸੰਘਰਸ਼ੀ ਰਾਹ ਇਖਤਿਆਰ ਕੀਤੇ ਹੋਏ ਹਨ। ਅੱਜ ਦੇ ਇਕੱਠ ਨੂੰ ਸੰਬੋਧਨ ਕਰਦਿਆਂ ਜ਼ਿਲ੍ਹਾ ਬਠਿੰਡਾ ਦੇ ਜਨਰਲ ਸਕੱਤਰ ਹਰਜਿੰਦਰ ਸਿੰਘ ਬੱਗੀ ਨੇ ਕਿਹਾ ਕਿ ਜੀ ਆਈ ਜੀ ਐੱਲ ਕੰਪਨੀ ਵੱਲੋਂ ਬਹੁਤੇ ਕਿਸਾਨਾਂ ਦੇ ਖੇਤਾਂ ਵਿੱਚ ਗੈਸ ਪਾਈਪ ਲਾਈਨ ਬਿਨਾਂ ਮੁਆਵਜ਼ਾ ਜਾਂ ਨਿਗੂਣਾ ਮੁਆਵਜ਼ਾ ਦੇ ਕੇ ਧੱਕੇ ਨਾਲ ਪਾਈ ਜਾ ਚੁੱਕੀ ਹੈ। 73 ਦਿਨ ਬੀਤ ਜਾਣ 'ਤੇ ਸ਼ਾਂਤਮਈ ਚੱਲ ਰਹੇ ਮੋਰਚੇ ਦੌਰਾਨ ਪ੍ਰਸ਼ਾਸਨ ਵੱਲੋਂ ਚੁੱਪ ਧਾਰੀ ਹੋਈ ਹੈ। ਜ਼ਿਲ੍ਹਾ ਆਗੂ ਨੇ ਕਿਹਾ ਕਿ ਮਜਬੂਰੀ ਵੱਸ ਸੰਘਰਸ਼ ਤੇਜ਼ ਕਰਨਾ ਪਵੇਗਾ, ਜਿਸ ਦੀ ਜ਼ਿੰਮੇਵਾਰੀ ਜ਼ਿਲ੍ਹਾ ਪ੍ਰਸ਼ਾਸਨ ਦੀ ਹੋਵੇਗੀ। ਸਰਕਾਰ ਲੋਕਾਂ ਦੇ ਸਬਰ ਦਾ ਇਮਤਿਹਾਨ ਲੈ ਰਹੀ ਹੈ, ਜਿਸ ਦੇ ਸਿੱਟੇ ਮਾੜੇ ਹੋਣਗੇ। ਇਸ ਸਮੇਂ ਬਲਾਕ ਮੌੜ ਦੇ ਆਗੂ ਕਲਕੱਤਾ ਸਿੰਘ ਨੇ ਕਿਹਾ ਕਿ ਸਰਕਾਰ ਵੱਡੇ ਵੱਡੇ ਵਾਅਦੇ ਕਰ ਰਹੀ ਹੈ, ਪਰ ਦੂਜੇ ਪਾਸੇ ਅੱਜ ਕਿਸਾਨਾਂ ਨੂੰ 73 ਦਿਨ ਹੋ ਗਏ ਹਨ। ਸਰਕਾਰ ਵੱਲੋਂ ਕਿਸਾਨਾਂ ਦਾ ਬਣਦਾ ਮੁਆਵਜ਼ਾ ਨਹੀਂ ਦਿੱਤਾ ਜਾ ਰਿਹਾ। ਇਸ ਸਮੇਂ ਬਲਾਕ ਮੌੜ ਦੇ ਆਗੂ ਗੁਰਜੀਤ ਸਿੰਘ ਬੰਗੇਹਰ, ਸੁਰਜੀਤ ਸਿੰਘ ਲੇਲੇਵਾਲਾ ਤੇ ਪਿੰਡ ਲੇਲੇਵਾਲਾ ਦੇ ਕਿਸਾਨਾਂ ਵੱਲੋਂ ਹਾਜ਼ਰੀ ਭਰੀ ਗਈ।

ਹਿਮਾਚਲ 'ਚ ਢਿੱਗਾਂ ਡਿੱਗਣ ਤੇ ਬੱਦਲ ਫਟਣ ਦਾ ਮੀਟ ਖਾਣ ਨਾਲ ਕੋਈ ਸੰਬੰਧ ਨਹੀਂ : ਤਰਕਸ਼ੀਲ ਸੁਸਾਇਟੀ

ਸੰਗਰੂਰ (ਪ੍ਰਵੀਨ ਸਿੰਘ)

ਤਰਕਸ਼ੀਲ ਸੁਸਾਇਟੀ ਪੰਜਾਬ ਇਕਾਈ ਸੰਗਰੂਰ ਨੇ ਆਈ ਆਈ ਟੀ ਮੰਡੀ (ਹਿਮਾਚਲ ਪ੍ਰਦੇਸ) ਦੇ ਨਿਰਦੇਸ਼ਕ ਲਕਸ਼ਮੀਧਰ ਬਹੇੜਾ ਵੱਲੋਂ ਪਿਛਲੇ ਮਹੀਨੇ ਹਿਮਾਚਲ ਪ੍ਰਦੇਸ ਵਿੱਚ ਬੱਦਲ ਫਟਣ, ਜ਼ਮੀਨ ਖਿਸਕਣ ਤੇ ਢਿੱਗਾਂ ਡਿੱਗਣ ਦੀਆਂ ਘਟਨਾਵਾਂ ਨੂੰ ਜਾਨਵਰਾਂ ਦੇ ਮਾਸ ਖਾਣ ਨਾਲ ਜੋੜ ਕੇ ਦਿੱਤੇ ਅੰਧ ਵਿਸ਼ਵਾਸੀ ਤੇ ਗੁੰਮਰਾਹਕੁਨ ਬਿਆਨ ਦੀ ਸਖਤ ਸ਼ਬਦਾਂ ਵਿੱਚ ਨਿਖੇਧੀ ਕਰਦਿਆਂ ਕੇਂਦਰ ਸਰਕਾਰ ਤੋਂ ਅਜਿਹੇ ਅੰਧ-ਵਿਸ਼ਵਾਸੀ ਨਿਰਦੇਸ਼ਕ ਨੂੰ ਅਹੁਦੇ ਤੋਂ ਤੁਰੰਤ ਬਰਖਾਸਤ ਕਰਨ ਦੀ ਜ਼ੋਰਦਾਰ ਮੰਗ ਕੀਤੀ ਹੈ। ਇਸ ਦੇ ਨਾਲ ਹੀ ਸੁਸਾਇਟੀ ਨੇ ਲੋਕਾਂ ਨੂੰ ਅਜਿਹੇ ਅੰਧ-ਵਿਸ਼ਵਾਸਾਂ ਦਾ ਡੱਟਵਾਂ ਵਿਰੋਧ ਕਰਨ ਤੇ ਜ਼ਿੰਦਗੀ ਵਿੱਚ ਵਿਗਿਆਨਕ ਸੋਚ ਅਪਣਾਉਣ ਦੀ ਅਪੀਲ ਵੀ ਕੀਤੀ ਹੈ। ਇਸ ਤਰਕਹੀਣ ਬਿਆਨ ਸਬੰਧੀ ਪ੍ਰਤੀਕਰਮ ਦਿੰਦਿਆਂ ਤਰਕਸ਼ੀਲ ਸੁਸਾਇਟੀ ਪੰਜਾਬ ਇਕਾਈ ਸੰਗਰੂਰ ਦੇ ਆਗੂਆਂ ਮਾਸਟਰ ਪਰਮਵੇਦ, ਸੁਰਿੰਦਰ ਪਾਲ, ਗੁਰਦੀਪ ਸਿੰਘ ਲਹਿਰਾ, ਕ੍ਰਿਸ਼ਨ ਸਿੰਘ, ਸੀਤਾ ਰਾਮ, ਚਰਨ ਕਮਲ ਸਿੰਘ, ਲੈਕਚਰਾਰ ਜਸਦੇਵ ਸਿੰਘ ਸਿੰਘ ਨੇ ਕਿਹਾ ਕਿ ਇੱਕ ਉੱਚ ਪੱਧਰੀ ਤਕਨੀਕੀ ਅਦਾਰੇ ਦੇ ਮੁਖੀ ਵੱਲੋਂ ਆਪਣੇ ਭਾਸ਼ਣ ਰਾਹੀਂ ਵਿਗਿਆਨਕ ਸੇਧ ਦੇਣ ਦੀ ਬਜਾਏ ਵਿਦਿਆਰਥੀਆਂ ਵਿੱਚ ਘੋਰ ਅੰਧ-ਵਿਸ਼ਵਾਸ ਫੈਲਾਉਣ ਵਾਲੀ ਗੁੰਮਰਾਹਕੁਨ ਬਿਆਨਬਾਜ਼ੀ ਕਰਕੇ ਤੇ ਉਨ੍ਹਾਂ ਨੂੰ ਮਾਸ ਨਾ ਖਾਣ ਦੀ ਜ਼ਬਰਦਸਤੀ ਸਹੁੰ ਖਵਾ ਕੇ ਭਾਜਪਾ-ਸੰਘ ਦੀ ਫਿਰਕੂ ਤੇ ਰੂੜੀਵਾਦੀ ਵਿਚਾਰਧਾਰਾ ਦਾ ਪ੍ਰਚਾਰ ਕੀਤਾ ਗਿਆ ਹੈ, ਜੋ ਕਿ ਵਿਦਿਆਰਥੀਆਂ ਦੇ ਮੌਲਿਕ ਅਧਿਕਾਰਾਂ ਤੇ ਮਾਨਸਿਕਤਾ ਉਤੇ ਵੱਡਾ ਹਮਲਾ ਹੈ। ਇਸ ਮੌਕੇ ਤਰਕਸ਼ੀਲ ਆਗੂ ਸੁਖਦੇਵ ਸਿੰਘ ਕਿਸ਼ਨਗੜ੍ਹ, ਪ੍ਰਗਟ ਸਿੰਘ ਬਾਲੀਆਂ, ਰਘਵੀਰ ਸਿੰਘ, ਧਰਮਵੀਰ ਸਿੰਘ ਤੇ ਨਛੱਤਰ ਸਿੰਘ ਹਾਜ਼ਰ ਸਨ।

ਕਾਤਰਾਂ

ਦਿਵਿਆਂਗਜਨਾਂ ਨੂੰ ਸਟੇਟ ਐਵਾਰਡ ਨਾਲ ਸਨਮਾਨਤ ਕਰਨ ਸੰਬੰਧੀ ਅਰਜ਼ੀਆਂ ਦੀ ਮੰਗ

ਫਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)-ਡਿਪਟੀ ਕਮਿਸ਼ਨਰ ਪਰਨੀਤ ਕੌਰ ਸ਼ੇਰਗਿੱਲ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਡਾਇਰੈਕਟਰ ਸਮਾਜਕ ਸੁਰੱਖਿਆ ਅਤੇ ਇਸਤਰੀ ਤੇ ਬਾਲ ਵਿਕਾਸ ਵਿਭਾਗ, ਪੰਜਾਬ ਚੰਡੀਗੜ੍ਹ ਵੱਲੋਂ ਸਾਲ 2023-24 ਦੌਰਾਨ ਦਿਵਿਆਂਗਜਨ ਵਿਅਕਤੀਆਂ ਨੂੰ ਸਟੇਟ ਐਵਾਰਡ ਨਾਲ ਸਨਮਾਨਤ ਕਰਨ ਸੰਬੰਧੀ ਅਰਜ਼ੀਆਂ ਦੀ ਮੰਗ ਕੀਤੀ ਗਈ ਹੈ। ਡਿਪਟੀ ਕਮਿਸ਼ਨਰ ਵੱਲੋਂ ਜ਼ਿਲ੍ਹਾ ਫਤਹਿਗੜ੍ਹ ਸਾਹਿਬ ਦੇ ਉਨ੍ਹਾਂ ਦਿਵਿਆਂਗਜਨ ਵਿਅਕਤੀਆਂ, ਕਰਮਚਾਰੀਆਂ, ਖਿਡਾਰੀਆਂ, ਸੰਸਥਾਵਾਂ ਜਿਨ੍ਹਾਂ ਨੇ ਦਿਵਿਆਂਗਜਨਾਂ ਦੀ ਭਲਾਈ ਦੇ ਖੇਤਰ ਵਿੱਚ ਸ਼ਲਾਘਾਯੋਗ ਪ੍ਰਾਪਤੀਆਂ ਕੀਤੀਆਂ ਹਨ, ਉਨ੍ਹਾਂ ਨੂੰ ਅਪੀਲ ਕਰਦੇ ਹੋਏ ਕਿਹਾ ਕਿ ਅਜਿਹੇ ਉਮੀਦਵਾਰ ਜਿਹੜੇ ਸਾਲ 2023-24 ਦੌਰਾਨ ਸਟੇਟ ਐਵਾਰਡ ਨਾਲ ਸਨਮਾਨਤ ਹੋਣਾ ਚਾਹੁੰਦੇ ਹਨ ਤਾਂ ਉਹ ਇਸ ਸੰਬੰਧੀ 1 ਅਕਤੂਬਰ ਤੋਂ ਪਹਿਲਾਂ-ਪਹਿਲਾਂ ਸੰਬੰਧਤ ਪ੍ਰੋਫਾਰਮਾ ਸਮੇਤ ਲੋੜੀਂਦੇ ਦਸਤਾਵੇਜ਼ ਨਾਲ ਭਰ ਕੇ ਜ਼ਿਲ੍ਹਾ ਸਮਾਜਕ ਸੁਰੱਖਿਆ ਅਫਸਰ, ਕਮਰਾ ਨੰ. 217, ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ, ਪਹਿਲੀ ਮੰਜ਼ਲ, ਫਤਹਿਗੜ੍ਹ ਸਾਹਿਬ ਵਿਖੇ ਜਮ੍ਹਾਂ ਕਰਵਾ ਸਕਦੇ ਹਨ ਅਤੇ ਇਸ ਸੰਬੰਧੀ ਹੋਰ ਵਧੇਰੇ ਜਾਣਕਾਰੀ ਲਈ ਜ਼ਿਲ੍ਹਾ ਸਮਾਜਕ ਸੁਰੱਖਿਆ ਅਫਸਰ ਨਾਲ ਵੀ ਸੰਪਰਕ ਕਰ ਸਕਦੇ ਹਨ।

ਨਵੀਂਆਂ ਵੋਟਾਂ ਬਣਾਉਣ ਲਈ ਕੈਂਪ ਲਗਾਇਆ

ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)-ਸਰਕਾਰੀ ਕਿਰਤੀ ਕਾਲਜ ਨਿਆਲ ਪਾਤੜਾਂ ਵਿਖੇ ਪ੍ਰਿੰਸੀਪਲ ਅਮਰਜੀਤ ਸਿੰਘ ਦੀ ਅਗਵਾਈ ਹੇਠ ਦਫਤਰ ਜ਼ਿਲ੍ਹਾ ਚੋਣ ਅਫਸਰ ਪਟਿਆਲਾ ਅਤੇ ਦਫਤਰ ਚੋਣਕਾਰ ਰਜਿਸਟ੍ਰੇਸ਼ਨ ਅਫਸਰ ਕਮ ਉਪ ਮੰਡਲ ਮੈਜਿਸਟ੍ਰੇਟ ਪਾਤੜਾਂ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਕਾਲਜ ਦੇ ਨੋਡਲ ਅਫਸਰ ਸਵੀਪ ਡਾ. ਗੁਰਜੀਤ ਸਿੰਘ ਅਤੇ ਸਵੀਪ ਦੇ ਕੈਂਪਸ ਅੰਬੈਸਡਰ ਵਿਦਿਆਰਥੀਆਂ ਦੇ ਸਹਿਯੋਗ ਨਾਲ ਨਵੇਂ ਯੋਗ ਵੋਟਰ ਰਜਿਸਟ੍ਰੇਸ਼ਨ ਕੈਂਪ ਲਗਾਇਆ ਗਿਆ । ਇਸ ਕੈਂਪ ਦੌਰਾਨ 18 ਸਾਲ ਦੇ ਹੋ ਚੁੱਕੇ ਹਨ ਜਾਂ ਜਿਹੜੇ ਨੌਜਵਾਨ ਪਹਿਲੀ ਜਨਵਰੀ 2024 ਤੱਕ 18 ਸਾਲ ਦੇ ਹੋ ਜਾਣਗੇ ਸਮੇਤ ਬਹੁਤ ਸਾਰੇ ਨਵੇਂ ਯੋਗ ਵੋਟਰ ਬੜੇ ਉਤਸ਼ਾਹ ਨਾਲ ਕੈਂਪ 'ਚ ਪਹੁੰਚੇ। ਇਸ ਮੌਕੇ ਡਾ. ਗੁਰਜੀਤ ਸਿੰਘ ਨੇ ਦੱਸਿਆ ਕਿ ਨਵੇਂ ਯੋਗ ਵੋਟਰਾਂ ਨੂੰ ਰਜਿਸਟਰ ਕਰਨ ਦਾ ਕੰਮ ਕਾਲਜ 'ਚ ਕੈਂਪਸ ਅੰਬੈਸਡਰ ਗੁਰਲੀਨ ਕੌਰ, ਵਿਜੇ ਕੁਮਾਰ ਅਤੇ ਦੀਪਕ ਨੇ ਕੀਤਾ। ਉਨ੍ਹਾਂ ਕਿਹਾ ਕਿ ਨੌਜਵਾਨ ਆਪਣੀ ਵੋਟ ਬਣਾ ਕੇ ਲੋਕਤੰਤਰ ਨੂੰ ਮਸ਼ਬੂਤ ਕਰਨ ਵਿਚ ਆਪਣਾ ਯੋਗਦਾਨ ਪਾਉਣਗੇ।

ਸਿਟੀ ਪੁਲਸ ਨੇ 210 ਨਸ਼ੀਲੀਆਂ ਗੋਲੀਆਂ ਫੜੀਆਂ

ਸਮਾਣਾ (ਇਕਬਾਲ ਸਿੰਘ ਬੱਲ, ਗੁਰਪਿਆਰ ਸਿੰਘ ਏ)-ਡੀ ਜੀ ਪੀ ਪੰਜਾਬ ਦੀ ਅਗਵਾਈ ਹੇਠ ਪੰਜਾਬ ਪੁਲੀਸ ਵੱਲੋਂ ਪੰਜਾਬ ਵਿੱਚੋਂ ਨਸ਼ਿਆਂ ਨੂੰ ਜੜ੍ਹ ਤੋਂ ਖਤਮ ਕਰਨ ਲਈ ਵੱਡੀ ਮੁਹਿੰਮ ਤਹਿਤ, ਐਸ ਐਸ ਪੀ ਪਟਿਆਲਾ ਵਰੁਣ ਸ਼ਰਮਾ ਦੇ ਦਿਸ਼ਾ ਨਿਰਦੇਸ਼ਾਂ, ਪੀ ਪੀ ਐੱਸ ਹਰਵੀਰ ਸਿੰਘ ਅਟਵਾਲ ਕਪਤਾਨ ਪੁਲਿਸ ਪਟਿਆਲਾ, ਐੱਸ ਪੀ ਸੌਰਵ ਜਿੰਦਲ ਤੇ ਡੀ ਐਸ ਪੀ ਸਮਾਣਾ ਨੇਹਾ ਅਗਰਵਾਲ ਦੀ ਯੋਗ ਅਗਵਾਈ ਹੇਠ ਤੇ ਗੁਰਇਕਬਾਲ ਸਿੰਘ ਸਕੰਦ ਇੰਚਾਰਜ ਥਾਣਾ ਸਿਟੀ ਦੀ ਨਿਗਰਾਨੀ ਹੇਠ 10 ਸਤੰਬਰ ਨੂੰ ਐੱਸ ਆਈ ਬਲਜੀਤ ਸਿੰਘ ਨੇ ਸਮੇਤ ਪੁਲਸ ਪਾਰਟੀ ਪਿੰਡ ਮੁਰਾਦਪੁਰਾ ਪਾਸ ਨਾਕਾਬੰਦੀ ਦੌਰਾਨ ਇਕ ਔਰਤ ਚਰਨਜੀਤ ਕੌਰ ਪਤਨੀ ਗੁਰਚਰਨ ਸਿੰਘ ਵਾਸੀ ਪਿੰਡ ਮੁਰਾਦਪੁਰਾ ਨੂੰ ਕਾਬੂ ਕਰਕੇ ਉਸ ਪਾਸੋਂ 210 ਨਸ਼ੀਲੀਆਂ ਐਚ ਬੀ ਗੋਲੀਆਂ ਬਰਾਮਦ ਕੀਤੀਆਂ ਹਨ ਤੇ ਪੁਲਸ ਨੇ ਫੜੀ ਗਈ ਔਰਤ ਖਿਲਾਫ਼ ਮੁਕੱਦਮਾ ਨੰ 95 ਮਿਤੀ 10 ਸਤੰਬਰ 23 ਅ/ਧ 22 ਐਨ ਡੀ ਏ ਪੀ ਐੱਸ ਐਕਟ ਤਹਿਤ ਪਰਚਾ ਦਰਜ ਕਰਕੇ ਅਗਲੇਰੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

ਨਿਰਮਲਾ ਦੇਵੀ ਲੜਨਗੇ ਵਾਰਡ ਨੰਬਰ 9 ਤੋਂ ਚੋਣ

ਰਾਮਪੁਰਾ ਫੂਲ (ਦਰਸ਼ਨ ਜਿੰਦਲ)-ਨਗਰ ਕੌਂਸਲ ਚੋਣਾਂ ਜਿਉਂ-ਜਿਉਂ ਨੇੜੇ ਆ ਰਹੀਆਂ ਹਨ, ਉਸੇ ਤਰ੍ਹਾਂ ਚੋਣਾਂ ਵਿੱਚ ਹਿੱਸਾ ਲੈਣ ਵਾਲੇ ਉਮੀਦਵਾਰਾਂ ਨੇ ਆਪੋ-ਆਪਣੀਆਂ ਸਰਗਰਮੀ ਵਧਾਈਆਂ ਹੋਈਆਂ ਹਨ। ਇਸੇ ਲੜੀ ਤਹਿਤ ਲੋਕਾਂ ਦੀ ਮੰਗ 'ਤੇ ਸਮਾਜ ਸੇਵੀ ਤਰਸੇਮ ਸ਼ਰਮਾ ਪ੍ਰਧਾਨ ਨੇ ਵੀ ਆਪਣੀ ਧਰਮ ਪਤਨੀ ਨਿਰਮਲਾ ਦੇਵੀ ਨੂੰ ਵਾਰਡ ਨੰਬਰ ਨੌਂ ਵਿੱਚੋਂ ਅਜ਼ਾਦ ਉਮੀਦਵਾਰ ਵਜੋਂ ਚੋਣ ਲੜਵਾਉਣ ਦਾ ਐਲਾਨ ਕਰ ਦਿੱਤਾ ਹੈ। ਵਾਰਡ ਦੇ ਲੋਕਾਂ ਦਾ ਕਹਿਣਾ ਹੈ ਕਿ ਕਾਫੀ ਸਮਾਂ ਤਰਸੇਮ ਪ੍ਰਧਾਨ ਇਸ ਵਾਰਡ ਵਿੱਚ ਰਹਿ ਕੇ ਗਏ ਹਨ। ਇਸ ਪਰਵਾਰ ਨੇ ਹਮੇਸ਼ਾ ਹੀ ਪਾਰਟੀਬਾਜ਼ੀ ਤੋਂ ਉੱਪਰ ਉੱਠ ਕੇ ਲੋਕਾਂ ਦੀ ਸੇਵਾ ਕੀਤੀ ਇਹ ਪਰਵਾਰ ਧਾਰਮਿਕ ਸਮਾਗਮਾਂ ਹੋਣ ਜਾਂ ਸਿਆਸੀ ਹੋਣ ਜਾਂ ਸੱਭਿਆਚਾਰਕ ਪ੍ਰੋਗਰਾਮ, ਹਰ ਕੰਮ ਵਿੱਚ ਵਧ-ਚੜ੍ਹ ਕੇ ਹਿੱਸਾ ਲੈਣ ਕਰਕੇ ਲੋਕਾਂ ਵਿਚ ਹਰਮਨਪਿਆਰੇ ਹਨ। ਤਰਸੇਮ ਪ੍ਰਧਾਨ ਕਰੀਬ ਵੀਹ ਸਾਲ ਲਗਾ ਤਾਰ ਦਸਮੇਸ਼ ਟੈਕਸੀ ਯੂਨੀਅਨ ਦੇ ਪ੍ਰਧਾਨ ਰਹੇ। ਟਰੱਕ ਯੂਨੀਅਨ ਦੇ ਵੀ ਮੀਤ ਪ੍ਰਧਾਨ, ਬਾਬਾ ਇੰਦਰ ਗਊਸ਼ਾਲਾ, ਮੰਦਰ ਸ੍ਰੀ ਮਹਾਂਕਾਲੀ ਅਲੀਕੇ ਅਤੇ ਮਾਲਵਾ ਸੱਭਿਆਚਾਰਕ ਕਲੱਬ ਦੀ ਵੀ ਨੁਮਾਇੰਦਗੀ ਕਰ ਚੁੱਕੇ ਹਨ। ਪ੍ਰੈੱਸ ਕਲੱਬ ਰਾਮਪੁਰਾਫੂਲ ਦੇ ਪ੍ਰਧਾਨ ਵੀ ਰਹਿ ਚੁਕੇ ਹਨ। ਪੰਜਾਬੀ ਗਾਇਕ ਮੇਜਰ ਰਾਜਸਥਾਨੀ ਯਾਦਗਗੀ ਮੇਲਾ (ਮੇਲਾ ਦੋ ਦਿਨ ਦਾ) ਵੀ ਬਹੁਤ ਕਰੀਬ ਬਾਰਾਂ ਸਾਲ ਕਰਾਇਆ।

13-Sep-PAGE-11-Majha-23.qxd 9/12/2023 10:50 PM Page 1

ਸੰਯੁਕਤ ਕਿਸਾਨ ਮੋਰਚੇ ਦੇ ਆਗੂਆਂ ਵੱਲੋਂ ਧਾਲੀਵਾਲ ਦੀ ਕੋਠੀ ਅੱਗੇ ਰੋਸ ਮੁਜ਼ਾਹਰਾ

ਮਜੀਠਾ (ਸੋਇਮ ਆਨੰਦ)-ਸੰਯੁਕਤ ਕਿਸਾਨ ਮੋਰਚੇ ਦੇ ਸੱਦੇ ਤੇ ਅਮ੍ਰਿਤਸਰ ਦੀਆਂ ਸਮੂਹ ਜਥੇਬੰਦੀਆਂ ਨੇ ਅਮ੍ਰਿਤਸਰ ਦੇ ਪਿੰਡ ਜਗਦੇਵ ਕਲਾਂ ਕੈਬਨਿਟ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਦੀ ਕੋਠੀ ਅੱਗੇ ਇੱਕ ਵਿਸ਼ਾਲ ਮੁਜ਼ਾਹਰਾ ਕੀਤਾ ਜਿਸਦੀ ਅਗਵਾਈ ਕਿਸਾਨ ਆਗੂ ਧੰਨਵੰਤ ਸਿੰਘ ਖਤਰਾਏ ਕਲਾਂ, ਲਖਬੀਰ ਸਿੰਘ ਨਿਜਾਮਪੁਰ, ਬਲਬੀਰ ਮੂਧਲ, ਮਾਸਟਰ ਸਵਿੰਦਰ ਸਿੰਘ ਮੀਰਾਂ ਕੋਟ, ਕੁਲਵੰਤ ਸਿੰਘ, ਸਤਨਾਮ ਸਿੰਘ ਝੰਡੇਰ, ਨਿਸ਼ਾਨ ਸਿੰਘ ਤੇ ਭੁਪਿੰਦਰ ਸਿੰਘ ਤੀਰਥਪੁਰਾ ਨੇ ਕੀਤੀ। ਇਸ ਮੌਕੇ ਕਿਸਾਨ ਲੀਡਰਾਂ ਨੇ ਬੋਲਦਿਆਂ ਕਿਹਾ ਕਿ ਕੇਂਦਰ ਸਰਕਾਰ ਨੂੰ ਕੁਦਰਤੀ ਆਫਤ ਦੀ ਮਾਰ ਹੇਠ ਆਏ ਪੰਜਾਬ ਨੂੰ ਸਪੈਸਲ ਪੈਕਜ ਦੱਸ ਹਜ਼ਾਰ ਕਰੋੜ ਰੁਪਏ ਦੇਣ ਦਾ ਐਲਾਨ ਕਰਨਾ ਚਾਹੀਦਾ ਹੈ।

ਕਿਸਾਨ ਲੀਡਰਾਂ ਨੇ ਕਿਹਾ ਕਿ ਪੰਜਾਬ ਦੇ ਲੋਕਾਂ ਨੇ ਭਗਵੰਤ ਮਾਨ ਸਰਕਾਰ ਦੀ ਚੋਣ ਬਦਲਾਅ ਲਿਆਉਣ ਵਾਸਤੇ ਕੀਤੀ ਸੀ ਪਰ ਸੱਭ ਕੁਝ ਪਹਿਲੀਆਂ ਸਰਕਾਰਾਂ ਦੀ ਤਰ੍ਹਾਂ ਹੀ ਚੱਲ ਰਿਹਾ ਹੈ। ਇਸ ਵਾਸਤੇ ਲੋਕਾਂ ਦੀਆਂ ਆਸਾਂ 'ਤੇ ਆਮ ਆਦਮੀ ਦੀ ਸਰਕਾਰ ਨੇ ਪਾਣੀ ਫੇਰਿਆ ਹੈ। ਇਸ ਮੌਕੇ ਰਤਨ ਸਿੰਘ ਰੰਧਾਵਾ, ਬਲਕਾਰ ਸਿੰਘ ਦੁਧਾਲਾ, ਸੁਖਰਾਜ ਸਿੰਘ ਸਰਕਾਰੀਆ, ਡਾਕਟਰ ਸਮਸੇਰ ਸਿੰਘ ਹੇਰ, ਸੁਖਦੇਵ ਸਿੰਘ ਝੰਡੇਰ, ਦਰਬਾਰਾ ਸਿੰਘ ਨੇ ਸੰਬੋਧਨ ਕਰਦਿਆਂ ਕਿਹਾ ਕਿ 6800 ਰੁਪਏ ਮੁਆਵਜ਼ਾ ਪੰਜਾਬ ਦੇ ਹੜ੍ਹ ਪ੍ਰਭਾਵਿਤ ਕਿਸਾਨਾਂ ਨਾਲ ਕੋਝਾ ਮਜ਼ਾਕ ਹੈ। ਇਸ ਵਾਸਤੇ ਕਿਸਾਨਾਂ ਨੂੰ ਘੱਟੋ-ਘੱਟ ਇੱਕ ਲੱਖ ਤੇ ਸੱਠ ਤੋਂ ਸੱਤਰ ਹਜ਼ਾਰ ਦਿੱਤਾ ਜਾਵੇ। ਜਿਹੜੇ ਵਿਅਕਤੀਆਂ ਦਾ ਜਾਨੀ ਨੁਕਸਾਨ ਹੋਇਆ ਹੈ ਉਨ੍ਹਾਂ ਦੇ ਪਰਵਾਰ ਨੂੰ ਦੱਸ ਲੱਖ ਰੁਪਏ ਦਿੱਤੇ ਜਾਣ।

ਅਖੀਰ ਵਿੱਚ ਕਿਸਾਨਾਂ ਤੋਂ ਕੈਬਨਿਟ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਨੇ ਮੰਗ ਪੱਤਰ ਪ੍ਰਾਪਤ ਕਰਦਿਆਂ ਯਕੀਨ ਦਿਵਾਇਆ ਕਿ ਕਿਸਾਨਾਂ ਦੀਆਂ ਸਾਰੀਆਂ ਮੰਗਾਂ ਨੂੰ ਸੰਜੀਦਗੀ ਨਾਲ ਮੁੱਖ ਮੰਤਰੀ ਤੱਕ ਪਹੁੰਚਾ ਦਿੱਤਾ ਜਾਵੇਗਾ ਤੇ ਯਕੀਨ ਦਿਵਾਉਂਦਿਆਂ ਕਿਹਾ ਕਿ ਕਿਸਾਨਾਂ ਨੂੰ ਕੋਈ ਸ਼ਿਕਾਇਤ ਦਾ ਮੌਕਾ ਨਹੀਂ ਦਿੱਤਾ ਜਾਵੇਗਾ। ਅਖੀਰ ਵਿੱਚ ਬਲਕਾਰ ਦੁਧਾਲਾ ਨੇ ਆਏ ਹੋਏ ਹਜ਼ਾਰਾਂ ਕਿਸਾਨਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਸਾਨੂੰ ਆਉਣ ਵਾਲੇ ਸਮੇਂ ਵਿੱਚ ਕਿਸਾਨਾਂ ਦੀਆਂ ਹੋਰ ਹੱਕੀ ਮੰਗਾਂ ਵਾਸਤੇ ਜ਼ੋਰਦਾਰ ਸੰਘਰਸ ਕਰਨ ਵਾਸਤੇ ਤਿਆਰ ਰਹਿਣਾ ਚਾਹੀਦਾ ਹੈ।

ਡਰੇਨ ਦੀ ਪੁਟਾਈ ਲਈ ਕਿਸਾਨ ਜਥੇਬੰਦੀ ਦਾ ਵਫਦ ਡੀ ਸੀ ਨੂੰ ਮਿਲਿਆ

ਪੱਟੀ, (ਬਲਦੇਵ ਸਿੰਘ ਸੰਧੂ/ਸ਼ਮਸ਼ੇਰ ਸਿੰਘ ਯੋਧਾ)-ਕਿਸਾਨ ਸੰਘਰਸ਼ ਕਮੇਟੀ ਪੰਜਾਬ ਦੇ ਸੂਬਾ ਪ੍ਰਧਾਨ ਕੰਵਲਪ੍ਰੀਤ ਸਿੰਘ ਪੰਨੂੰ ਦੀ ਅਗਵਾਈ ਹੇਠ ਜਥੇਬੰਦੀ ਦਾ ਇੱਕ ਵਫਦ ਡਿਪਟੀ ਕਮਿਸ਼ਨਰ ਤਰਨ ਤਰਨ ਨੂੰ ਮਿਲਿਆ। ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਸੂਬਾਈ ਕਨਵੀਨਰ ਕੰਵਲਪ੍ਰੀਤ ਸਿੰਘ ਪੰਨੂ ਨੇ ਦੱਸਿਆ ਕਿ ਨੌਸ਼ਹਿਰਾ ਪੰਨੂਆਂ ਲਿੰਕ ਡਰੇਨ ਦੀ ਪੁਟਾਈ ਅਤੇ ਖਲਾਈ ਬਾਰੇ ਚਰਚਾ ਕੀਤੀ। ਵਫਦ ਨੇ ਡੀਸੀ ਨੂੰ ਜਾਣੂ ਕਰਵਾਇਆ ਕਿ ਇਹ ਡਰੇਨ ਨੌਸਹਿਰਾ ਪੰਨੂਆਂ ਤੋਂ ਨਿਕਲ ਕੇ ਨੰਦਪੁਰ ਅਤੇ ਸਰਾਲੀ ਮੰਡ ਵਿੱਚ ਦੀ ਹੁੰਦੀ ਹੋਈ ਪੱਟੀ ਰੋਹੀ ਵਿੱਚ ਪੈਂਦੀ ਹੈ। ਇਸ ਲਿੰਕ ਡਰੇਨ ਅਣਹੋਂਦ ਕਰਕੇ ਢੋਟੀਆਂ ਅਤੇ ਇਸਦੇ ਨਾਲ ਲੱਗਦੇ ਪਿੰਡਾਂ ਦਾ ਬਰਸਾਤੀ ਪਾਣੀ ਨੌਸ਼ਹਿਰਾ ਪੰਨੂਆਂ, ਚੌਧਰੀਵਾਲਾ ਵਿੱਚ ਜਮ੍ਹਾ ਹ�ो ਜਾਂਦਾ ਹੈ। ਨੀਵੇਂ ਰਿਹਾਇਸ਼ੀ ਇਲਾਕੇ, ਬਿਜਲੀ ਘਰ ਨੌਸ਼ਹਿਰਾ ਪੰਨੂਆਂ ਅਤੇ ਨੀਵੀਆਂ ਜ਼ਮੀਨਾਂ ਦੀ ਫਸਲ ਵੀ ਡੁੱਬ ਜਾਂਦੀ ਹੈ। ਕਿਸਾਨਾਂ, ਮਜ਼ਦੂਰਾਂ ਦਾ ਬਹੁਤ ਨੁਕਸਾਨ ਹੁੰਦਾ ਹੈ। ਕਿਸਾਨ ਸੰਘਰਸ਼ ਕਮੇਟੀ ਪੰਜਾਬ ਅਤੇ ਪਿੰਡ ਵਾਸੀਆਂ ਦੀ ਉੱਦਮ ਨਾਲ ਇਸ ਕੇਸ ਦੀ ਲਗਾਤਾਰ ਪੈਰਵਾਈ ਕੀਤੀ ਜਾ ਰਹੀ ਹੈ।

ਡਿਪਟੀ ਕਮਿਸ਼ਨਰ ਸੰਦੀਪ ਕੁਮਾਰ ਨੇ ਵਫਦ ਨੂੰ ਵਿਸ਼ਵਾਸ ਦਵਾਇਆ ਕਿ ਲਿੰਕ ਡਰੇਨ ਦੀ ਪੁਟਾਈ ਅਤੇ ਖਲਾਈ ਬਹੁਤ ਜਲਦ ਕਰਵਾ ਦਿੱਤੀ ਜਾਵੇਗੀ ਤਾਂ ਜੋ ਆਉਣ ਵਾਲੇ ਸਮੇਂ ਵਿੱਚ ਬਰਸਾਤ ਦੇ ਮੌਸਮ ਵਿੱਚ ਲੋਕਾਂ ਨੂੰ ਕਿਸੇ ਤਰ੍ਹਾਂ ਦੀ ਪ੍ਰੇਸ਼ਾਨੀ ਦਾ ਸਾਹਮਣਾ ਨਾ ਕਰਨਾ ਪਵੇ। ਇਸ ਮੌਕੇ ਵਫਦ ਵਿਚ ਗੁਰਭੇਜ ਸਿੰਘ ਨੌਸ਼ਹਿਰਾ ਪੰਨੂਆਂ, ਕੁਲਬੀਰ ਸਿੰਘ, ਕੁਲਵੰਤ ਸਿੰਘ, ਕਾਰਜ ਸਿੰਘ ਚੌਧਰੀਵਾਲਾ, ਬਾਬਾ ਸੁਖਜਿੰਦਰ ਸਿੰਘ, ਭੋਲਾ ਸਿੰਘ ਵੀ ਸ਼ਾਮਿਲ ਸਨ।

ਕਿਸਾਨੀ ਮਸਲਿਆਂ ਨੂੰ ਲੈ ਕੇ ਭੁੱਲਰ ਦੀ ਰਿਹਾਇਸ਼ 'ਤੇ ਲੱਗਾ ਧਰਨਾ ਦੂਸਰੇ ਦਿਨ ਵੀ ਜਾਰੀ

ਪੱਟੀ, (ਬਲਦੇਵ ਸਿੰਘ ਸੰਧੂ/ਸ਼ਮਸ਼ੇਰ ਸਿੰਘ ਯੋਧਾ)-ਕਿਸਾਨੀ ਮਸਲਿਆਂ ਨੂੰ ਲੈ ਕੇ ਸੰਯੁਕਤ ਕਿਸਾਨ ਮੋਰਚੇ ਦੇ ਸੂਬਾਈ ਫੈਸਲੇ ਅਨੁਸਾਰ ਪੱਟੀ ਵਿਖੇ ਕੈਬਨਿਟ ਮੰਤਰੀ ਲਾਲਜੀਤ ਸਿੰਘ ਭੁੱਲਰ ਦੀ ਰਿਹਾਇਸ਼ ਸਾਹਮਣੇ ਮੋਰਚੇ 'ਚ ਸ਼ਾਮਿਲ ਜਥੇਬੰਦੀਆਂ ਜਮਹੂਰੀ ਕਿਸਾਨ ਸਭਾ ਤੋਂ ਜਗੀਰ ਸਿੰਘ ਗੰਡੀਵਿੰਡ, ਬਲਵਿੰਦਰ ਸਿੰਘ ਸਖੀਰਾ ਕਿਰਤੀ ਕਿਸਾਨ ਯੂਨੀਅਨ, ਖਜਾਨਚੀ ਲਾਲ ਕਮੌਮੀ ਕਿਸਾਨ ਯੂਨੀਅਨ, ਸਾਹਿਬ ਸਿੰਘ ਸਿੰਘ ਸੈਦੋ ਪੰਜਾਬ ਕਿਸਾਨ ਯੂਨੀਅਨ, ਚਮਕੌਰ ਸਿੰਘ ਭਾਰਤੀ ਕਿਸਾਨ ਯੂਨੀਅਨ, ਤਰਸੇਮ ਸਿੰਘ ਕਲਸੀ ਕਿਸਾਨ ਸੰਘਰਸ਼ ਕਮੇਟੀ ਪੰਜਾਬ, ਪੂਰਨ ਸਿੰਘ ਮਾੜੀ ਮੇਘਾ ਕੁਲ ਹਿੰਦ ਕਿਸਾਨ ਸਭਾ, ਕੁਲਦੀਪ ਸਿੰਘ ਫਤਿਆਬਾਦ ਇੰਡੀਅਨ ਫਾਰਮਰ ਐਸੋਸੀਏਸ਼ਨ, ਨਿਰਵੈਰ ਸਿੰਘ ਡਾਲੇਕੇ ਅਜ਼ਾਦ ਕਿਸਾਨ ਸੰਘਰਸ਼ ਕਮੇਟੀ ਏਕਤਾ ਪੰਜਾਬ, ਡਾ. ਇੰਦਰਜੀਤ ਸਿੰਘ ਮਰਹਾਣਾ ਕੁਲ ਹਿੰਦ ਕਿਸਾਨ ਸਭਾ ਅਧਾਰਿਤ ਪ੍ਰਧਾਨਗੀ ਮੰਡਲ ਦੀ ਅਗਵਾਈ ਵਿੱਚ ਦੂਜੇ ਦਿਨ ਰੋਹ ਭਰਪੂਰ ਧਰਨਾ ਦਿੱਤਾ ਗਿਆ। ਇਸ ਮੌਕੇ ਵੱਖ-ਵੱਖ ਜਥੇਬੰਦੀਆਂ ਦੇ ਆਗੂਆਂ ਨੇ ਬੋਲਦਿਆਂ ਹੋਇਆਂ ਪੰਜਾਬ ਸਰਕਾਰ ਦੀ ਹੜ੍ਹ ਪੀੜਤਾਂ ਪ੍ਰਤੀ ਉਦਾਸੀਨ ਰਵਈਏ ਦੀ ਸਖਤ ਸ਼ਬਦਾਂ ਵਿੱਚ ਨਿੰਦਾ ਕੀਤੀ ਤੇ ਕਿਹਾ ਕਿ ਪੰਜਾਬ ਸਰਕਾਰ ਨੇ ਜਿਥੇ ਹੜ੍ਹਾਂ ਤੋਂ ਪਹਿਲਾਂ ਕੋਈ ਤਿਆਰੀ ਨਹੀਂ ਸੀ ਕੀਤੀ ਉਥੇ ਹੀ ਹੜ੍ਹ ਦੌਰਾਨ ਵੀ ਮੌਕੇ 'ਤੇ ਕੋਈ ਰਾਹਤ ਪਹੁੰਚਾਉਣ ਵਿੱਚ ਅਸਮਰੱਥ ਰਹੀ ਹੈ। ਪੰਜਾਬ ਸਰਕਾਰ ਮੁਆਵਜ਼ੇ ਬਾਰੇ ਮੀਡੀਆ 'ਚ ਖੋਖਲੇ ਦਾਅਵੇ ਕਰਦੀ ਰਹੀ ਪਰ ਅਸਲੀਅਤ ਵਿੱਚ ਸਰਕਾਰ ਦੇ ਸਾਰੇ ਵਾਅਦੇ ਝੂਠੇ ਸਾਬਤ ਹੋਏ। ਮੋਰਚੇ ਵਲੋਂ ਕਿਸਾਨਾਂ ਨੇ ਖਰਾਬੇ ਬਾਰੇ ਸਰਕਾਰ ਤੋਂ ਮੰਗ ਕੀਤੀ ਹੈ ਕਿ ਫਸਲ ਦੇ ਖਰਾਬੇ/ਮੁਆਵਜ਼ੇ ਲਈ ਪ੍ਰਤੀ ਏਕੜ ਘੱਟੋ-ਘੱਟ 70 ਹਜ਼ਾਰ ਰੁਪੈ, ਕਿਸੇ ਦੀ ਮੌਤ ਹੋਣ ਤੇ ਦਸ ਲੱਖ ਦੀ ਰਾਸ਼ੀ ਜਾਰੀ ਕੀਤੀ ਜਾਵੇ, ਮਕਾਨ ਦੇ ਨੁਕਸਾਨ ਲਈ ਯੋਗ ਮੁਆਵਜ਼ਾ ਦਿੱਤਾ ਜਾਵੇ। ਇਸ ਮੌਕੇ ਕਿਸਾਨ ਆਗੂਆਂ ਨੇ ਪੰਜਾਬ ਅੰਦਰ ਹੜ੍ਹਾਂ ਨਾਲ ਹੋਏ ਨੁਕਸਾਨ ਪ੍ਰਤੀ ਕੇਂਦਰ ਸਰਕਾਰ ਵਲੋਂ ਇਸ ਨੂੰ ਕੁਦਰਤੀ ਆਫਤ ਨਾ ਐਲਾਨਣ ਕਰਕੇ ਸਖਤ ਸ਼ਬਦਾਂ ਵਿੱਚ ਨਿੰਦਾ ਕੀਤੀ। ਕਿਸਾਨ ਆਗੂਆਂ ਨੇ ਮਜ਼ਦੂਰਾਂ ਦੇ ਘਰਾਂ ਅਤੇ ਮਜ਼ਦੂਰੀ ਤੋਂ ਵਾਂਝੇ ਰਹਿਣ ਕਾਰਣ ਮੁਆਵਜ਼ਾ ਜਾਰੀ ਕਰਨ ਦੀ ਮੰਗ ਉਠਾਈ। ਇਸ ਮੌਕੇ ਬਲਕਾਰ ਸਿੰਘ ਵਲਟੋਹਾ, ਹਰਭਜਨ ਸਿੰਘ ਚੂਸਲੇਵੜ, ਨਛੱਤਰ ਸਿੰਘ ਮੁਗਲਚੱਕ, ਗੁਰਪ੍ਰੀਤ ਸਿੰਘ ਗੰਡੀਵਿੰਡ, ਸੁਖਚੈਨ ਸਿੰਘ ਸਰਹਾਲੀ ਖੁਰਦ, ਸਤਨਾਮ ਸਿੰਘ ਜੋਹਲ,ਸਾਹਿਬ ਸਿੰਘ, ਤਰਸੇਮ ਸਿੰਘ ਲੁਹਾਰ, ਕੁਲਦੀਪ ਸਿੰਘ ਭਲਾਈਪੁਰ, ਪਰਮਜੀਤ ਸਿੰਘ ਗਦਾਈਕੇ, ਦਲਜੀਤ ਸਿੰਘ ਦਿਆਲਪੁਰ, ਦਲਵਿੰਦਰ ਸਿੰਘ, ਕਰਮਜੀਤ ਸਿੰਘ ਕਲੇਰ, ਬਲਬੀਰ ਸਿੰਘ ਝਾਮਕਾ, ਡਾ ਅਮੋਲਕ ਸਿੰਘ ਗੋਰਖਾ, ਪਵਨਪ੍ਰੀਤ ਕੋਰ, ਵੀਰ ਕੌਰ ਚੀਮਾ ਆਦਿ ਨੇ ਵੀ ਸੰਬੋਧਨ ਕੀਤਾ।

ਸਾਰਾਗੜ੍ਹੀ ਜੰਗ ਦੇ ਸ਼ਹੀਦਾਂ ਦੀ ਯਾਦ 'ਚ ਗੁਰਮਤਿ ਸਮਾਗਮ

ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)-ਸਾਰਾਗੜ੍ਹੀ ਜੰਗ ਦੀ 126ਵੀਂ ਵਰ੍ਹੇਗੰਢ ਮੌਕੇ ਇਥੇ ਸਥਿਤ ਗੁਰਦੁਆਰਾ ਸਾਰਾਗੜ੍ਹੀ ਸਾਹਿਬ ਵਿਖੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਮਗਰੋਂ ਗੁਰਮਤਿ ਸਮਾਗਮ ਕੀਤਾ ਗਿਆ। ਇਸ ਮੌਕੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਹਜ਼ੂਰੀ ਰਾਗੀ ਭਾਈ ਹਰਵਿੰਦਰ ਸਿੰਘ ਦੇ ਜਥੇ ਨੇ ਗੁਰਬਾਣੀ ਕੀਰਤਨ ਕੀਤਾ ਅਤੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਗ੍ਰੰਥੀ ਸਿੰਘ ਸਾਹਿਬ ਗਿਆਨੀ ਬਲਜੀਤ ਸਿੰਘ ਨੇ ਕਥਾ ਵਿਚਾਰਾਂ ਕੀਤੀਆਂ।

ਗਿਆਨੀ ਬਲਜੀਤ ਸਿੰਘ ਨੇ ਸਾਰਾਗੜ੍ਹੀ ਜੰਗ ਦੇ ਸ਼ਹੀਦ ਸਿੱਖ ਫ਼ੌਜੀਆਂ ਨੂੰ ਸ਼ਰਧਾ ਤੇ ਸਤਿਕਾਰ ਭੇਟ ਕਰਦਿਆਂ ਕਿਹਾ ਕਿ ਸਾਰਾਗੜ੍ਹੀ ਜੰਗ ਦੇ ਸ਼ਹੀਦ ਸਿੱਖ ਫ਼ੌਜੀ ਦ੍ਰਿੜ੍ਹਤਾ ਤੇ ਸਮਰਪਣ ਦੀ ਸਿਖਰਲੀ ਮਿਸਾਲ ਸਨ। ਇਨ੍ਹਾਂ ਸੂਰਮਿਆਂ ਦੀ ਲਾਸਾਨੀ ਕੁਰਬਾਨੀ ਨੂੰ ਵਿਸ਼ਵ ਭਰ ਵਿਚ ਯਾਦ ਕੀਤਾ ਜਾਂਦਾ ਹੈ। ਇਸ ਮੌਕੇ ਸਾਰਾਗੜ੍ਹੀ ਜੰਗ ਦੇ ਸ਼ਹੀਦਾਂ ਦੇ ਪਰਿਵਾਰਕ ਮੈਂਬਰਾਂ ਨੂੰ ਸਿਰੋਪਾਓ ਦੇ ਕੇ ਸਨਮਾਨਿਤ ਕੀਤਾ ਗਿਆ। ਸਮਾਗਮ ਸਮੇਂ ਸਾਰਾਗੜ੍ਹੀ ਦੇ ਸ਼ਹੀਦਾਂ ਦੇ ਪਰਿਵਾਰਾਂ ਵਿੱਚੋਂ ਰਣਜੀਤ ਸਿੰਘ, ਬਾਬਾ ਗੁਰਮੁੱਖ ਸਿੰਘ, ਮਹਿੰਦਰ ਸਿੰਘ, ਬੀਬੀ ਸੰਤੋਸ਼ ਕੌਰ, ਬੀਬੀ ਅਵਨੀਤ ਕੌਰ, ਬੀਬੀ ਸਿਮਰਜੀਤ ਕੌਰ, ਹੈੱਡ ਪ੍ਰਚਾਰਕ ਭਾਈ ਜਗਦੇਵ ਸਿੰਘ, ਮੀਤ ਮੈਨੇਜਰ ਲਾਲ ਸਿੰਘ, ਗੁਰਦੁਆਰਾ ਸਾਰਾਗੜ੍ਹੀ ਸਾਹਿਬ ਦੇ ਗ੍ਰੰਥੀ ਭਾਈ ਕੁਲਵਿੰਦਰ ਸਿੰਘ ਆਦਿ ਹਾਜ਼ਰ ਸਨ।

ਖ਼ਾਲਸਾ ਕਾਲਜ ਫਾਰ ਵੂਮੈਨ ਵਿਖੇ ਕਾਸਮੈਟੋਲੋਜੀ ਵਿਭਾਗ ਨੇ ਵਰਕਸ਼ਾਪ ਕਰਵਾਈ

ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)-ਖਾਲਸਾ ਕਾਲਜ ਫਾਰ ਵੂਮੈਨ ਦੇ ਕਾਸਮੈਟੋਲੋਜੀ ਵਿਭਾਗ ਵੱਲੋਂ ਇੱਕ ਰੋਜ਼ਾ ਵਰਕਸ਼ਾਪ ਕਰਵਾਈ ਗਈ। ਕਾਲਜ ਪ੍ਰਿੰਸੀਪਲ ਡਾ. ਸੁਰਿੰਦਰ ਕੌਰ ਦਿਸ਼ਾ ਨਿਰਦੇਸ਼ਾਂ 'ਤੇ ਆਯੋਜਿਤ ਵਰਕਸ਼ਾਪ 'ਚ ਚਮੜੀ ਦੇ ਮਾਹਿਰ ਸ਼ਿਖਾ ਅਰੋੜਾ ਅਤੇ ਵੀ. ਐਲ. ਸੀ. ਸੀ. ਸੰਸਥਾ, ਰਣਜੀਤ ਐਵੀਨਿਊ, ਅੰਮ੍ਰਿਤਸਰ ਤੋਂ ਵਿਨੀਤ ਨੇ ਸਿਲਵਰ ਫੇਸ਼ੀਅਲ ਸਬੰਧੀ ਵਿਦਿਆਰਥਣਾਂ ਨੂੰ ਵਿਸਥਾਰਪੂਰਵਕ ਜਾਣਕਾਰੀ ਪ੍ਰਦਾਨ ਕੀਤੀ।

'ਖੇਡਾਂ ਵਤਨ ਪੰਜਾਬ ਦੀਆਂ' 'ਚ ਸ੍ਰੀ ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲ ਝਬਾਲ ਛਾਇਆ

ਝਬਾਲ (ਹਰਜਿੰਦਰ ਸਿੰਘ ਸੋਨੀ)-ਚੀਫ਼ ਖਾਲਸਾ ਦੀਵਾਨ ਦੀ ਛੱਤਰ ਛਾਇਆ ਹੇਠ ਚੱਲ ਰਹੀ ਇਲਾਕੇ ਦੀ ਸਿਰਮੌਰ ਵਿੱਦਿਅਕ ਸੰਸਥਾ ਸ੍ਰੀ ਗੁਰੂ ਹਰਿਕ੍ਰਿਸ਼ਨ ਸੀਨੀਅਰ ਸੈਕੰਡਰੀ ਪਬਲਿਕ ਸਕੂਲ, ਝਬਾਲ ਦੇ ਵਿਦਿਆਰਥੀਆਂ ਨੇ ਪੰਜਾਬ ਸਰਕਾਰ ਖੇਡ ਵਿਭਾਗ ਵੱਲੋਂ ਕਰਵਾਈਆਂ ਗਈਆਂ ਖੇਡਾਂ ਖੇਡਾਂ ਵਤਨ ਪੰਜਾਬ ਦੀਆਂ 2023' ਵਿੱਚ ਭਾਗ ਲਿਆ। ਬਲਾਕ ਪੱਧਰੀ ਖੇਡਾਂ ਜੋ ਮਿਤੀ 9 ਅਤੇ 10 ਸਤੰਬਰ 2023 ਨੂੰ ਸ੍ਰੀ ਗੁਰੂ ਅਰਜਨ ਦੇਵ ਸਟੇਡੀਅਮ ਤਰਨਤਾਰਨ ਵਿਖੇ ਕਰਵਾਈਆਂ ਗਈਆਂ, ਵਿੱਚੋਂ ਸਕੂਲ ਦੀਆਂ ਖੋ-ਖੋ ਟੀਮਾਂ ਅੰਡਰ-17 ਅਤੇ ਅੰਡਰ-21 ਦੇ ਵਿਦਿਆਰਥੀਆਂ ਨੇ ਪਹਿਲਾ ਸਥਾਨ ਹਾਸਲ ਕਰਕੇ ਸਕੂਲ ਦਾ ਨਾਮ ਰੌਸ਼ਨ ਕੀਤਾ।

ਇਸ ਮੌਕੇ ਸਕੂਲ ਦੇ ਮੈਂਬਰ ਇੰਚਾਰਜ ਮਨਜੀਤ ਸਿੰਘ ਢਿੱਲੋਂ, ਗੁਰਪ੍ਰੀਤ ਸਿੰਘ ਸੇਠੀ, ਜਤਿੰਦਰਬੀਰ ਸਿੰਘ ਬਹਿਲ, ਰਮਣੀਕ ਸਿੰਘ ਫਰੀਡਮ ਨੇ ਵਿਦਿਆਰਥੀਆਂ ਨੂੰ ਵਧਾਈ ਦਿੰਦਿਆਂ ਹੋਇਆਂ ਖੇਡਾਂ ਵਿੱਚ ਵੱਧ ਤੋਂ ਵੱਧ ਭਾਗ ਲੈਣ ਲਈ ਉਤਸ਼ਾਹਤ ਕੀਤਾ।

ਸਕੂਲ ਦੇ ਪ੍ਰਿੰਸੀਪਲ ਅਨੁਰੀਤ ਬਾਵਾ ਨੇ ਕਿਹਾ ਕਿ ਅਜੋਕੇ ਸਮੇਂ ਦੀ ਮੰਗ ਅਨੁਸਾਰ ਵਿਦਿਆਰਥੀਆਂ ਨੂੰ ਨਸ਼ਿਆਂ ਤੋਂ ਦੂਰ ਰੱਖਣ ਅਤੇ ਸਿਹਤ ਸੰਬੰਧੀ ਜਾਗਰੂਕ ਕਰਨ ਲਈ ਵੱਧ ਤੋਂ ਵੱਧ ਖੇਡਾਂ ਵੱਲ ਪ੍ਰੇਰਿਤ ਕਰਨ ਦੀ ਲੋੜ ਹੈ ਤਾਂ ਜੋ ਵਿਦਿਆਰਥੀ ਖੇਡਾਂ ਰਾਹੀਂ ਆਪਣੇ ਜੀਵਨ ਵਿੱਚ ਉੱਚੀਆਂ ਬੁਲੰਦੀਆਂ ਨੂੰ ਹਾਸਲ ਕਰ ਸਕਣ।

ਮੈਟਰਨਲ ਡੈੱਥ ਰੀਵਿਊ ਮੀਟਿੰਗ 'ਚ ਮਾਵਾਂ ਦੀ ਮੌਤ ਦੇ 4 ਕੇਸ ਵਿਚਾਰੇ

ਗੁਰਦਾਸਪੁਰ (ਦਿਨੇਸ਼ ਕੁਮਾਰ)-ਸਿਵਲ ਸਰਜਨ ਦਫਤਰ ਗੁਰਦਾਸਪੁਰ ਵਿਖੇ ਸਿਵਲ ਸਰਜਨ ਗੁਰਦਾਸਪੁਰ ਡਾ. ਹਰਭਜਨ ਰਾਮ ਮਾਂਡੀ ਦੀ ਅਗਵਾਈ ਹੇਠ ਮੈਟਰਨਲ ਡੈਥ ਰੀਵਿਊ ਮੀਟਿੰਗ ਕੀਤੀ ਗਈ। ਮੀਟਿੰਗ ਵਿਚ ਮਾਵਾਂ ਦੀ ਮੌਤ ਦੇ 4 ਕੇਸ ਵਿਚਾਰੇ ਗਏ। ਇਸ ਮੌਕੇ ਸਿਵਲ ਸਰਜਨ ਡਾ. ਹਰਭਜਨ ਰਾਮ ਨੇ ਕਿਹਾ ਕਿ ਐੱਮਟੀਪੀ ਕਿੱਟ ਦੀ ਗੈਰ-ਕਾਨੂੰਨੀ ਵਿਕਰੀ ਨਹੀਂ ਹੋਣ ਦਿਤੀ ਜਾਵੇਗੀ। ਜੋ ਵੀ ਦਵਾਈ ਵੇਚਣ ਵਾਲਾ ਡਾਕਟਰ ਦੀ ਪਰਚੀ ਤੋਂ ਬਗੈਰ ਐੱਮਟੀਪੀ ਕਿੱਟ ਵੇਚੇਗਾ ਉਸ ਖਿਲਾਫ ਕਾਰਵਾਈ ਕੀਤੀ ਜਾਵੇਗੀ। ਐੱਮਟੀਪੀ ਦੀ ਬਿਨਾਂ ਡਾਕਟਰੀ ਮਨਜ਼ੂਰੀ ਵਿਕਰੀ ਗੈਰ-ਕਾਨੂੰਨੀ ਹੈ। ਉਨ੍ਹਾਂ ਕਿਹਾ ਕਿ ਮਾਵਾਂ ਦੀ ਮੌਤ ਦਰ ਘਟਾਉਣ ਲਈ ਯਤਨ ਕੀਤੇ ਜਾ ਰਿਹੇ ਹਨ। ਪ੍ਰਧਾਨ ਮੰਤਰੀ ਸੁਰਕਸ਼ਿਤ ਮਾਤਰਤਵ ਅਭਿਆਨ ਤਹਿਤ ਹਰ ਮਹੀਨੇ ਗਰਭਵਤੀ ਮਾਵਾਂ ਦਾ ਚੈੱ

13-Sep-PAGE- 12 qxd.qxd 9/12/2023 10:49 PM Page 1

ਕਿਰਤੀ ਕਿਸਾਨ ਯੂਨੀਅਨ ਵੱਲੋਂ 18 ਨੂੰ ਵਾਹਗਾ ਬਾਰਡਰ ਰੈਲੀ 'ਚ ਪਹੁੰਚਣ ਦਾ ਸੱਦਾ

ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)-ਵਾਹਗਾ ਬਾਰਡਰ ਰਾਹੀਂ ਦੁਵੱਲਾ ਵਪਾਰ ਖੁਲ੍ਹਵਾਉਣ ਲਈ 18 ਸਤੰਬਰ ਨੂੰ ਵਾਹਗਾ ਬਾਰਡਰ 'ਤੇ ਕੀਤੀ ਜਾਣ ਵਾਲੀ ਰੈਲੀ ਲਈ ਕਸਬਾ ਟਾਂਗਰਾ ਦੇ ਪਿੰਡਾਂ ਥੋਥੀਆਂ ਅਤੇ ਭੈਣੀ ਬਦੇਸ਼ਾ ਵਿੱਚ ਲਾਮਬੰਦੀ ਕਰਦਿਆਂ ਕਿਰਤੀ ਕਿਸਾਨ ਯੂਨੀਅਨ ਦੇ ਆਗੂ ਰਵਿੰਦਰ ਸਿੰਘ ਛੱਜਲਵੱਡੀ ਅਤੇ ਪ੍ਰਕਾਸ਼ ਸਿੰਘ ਥੋਥੀਆਂ ਨੇ ਕਿਹਾ ਕੇ ਪੁਲਵਾਮਾ ਹਮਲੇ ਤੋਂ ਬਾਅਦ ਭਾਰਤ ਸਰਕਾਰ ਵਲੋਂ ਪਾਕਿਸਤਾਨ ਨਾਲ ਸੜਕੀ ਰਸਤੇ ਰਾਹੀਂ ਵਪਾਰ ਬਿਲਕੁਲ ਬੰਦ ਕੀਤਾ ਹੋਇਆ ਹੈ, ਪਰ ਇਹ ਵਪਾਰ ਵੱਡੇ ਕਾਰਪੋਰੇਟ ਗੌਤਮ ਅਡਾਨੀ ਦੀ ਗੁਜਰਾਤ ਦੀ ਮੁੰਦਰਾ ਬੰਦਰਗਾਹ ਤੋਂ ਲਗਾਤਾਰ ਚਲ ਰਿਹਾ ਹੈ। ਪਿਛਲੇ ਲੋਕ ਸਭਾ ਸੈਸ਼ਨ ਵਿਚ ਇਕ ਸਵਾਲ ਦੇ ਜਵਾਬ ਵਿਚ ਕੇਦਰੀ ਵਣਜ ਰਾਜ ਮੰਤਰੀ ਅਨੁਪ੍ਰੀਆ ਪਟੇਲ ਨੇ ਲਿਖਤੀ ਤੌਰ ਤੇ ਦੱਸਿਆ ਸੀ ਕਿ ਅਪ੍ਰੈਲ 2022 ਤੋਂ ਦਸੰਬਰ 2022 ਤੱਕ ਪਾਕਿਸਤਾਨ ਨਾਲ ਸਮੁੰਦਰੀ ਰਸਤੇ ਰਾਹੀਂ 1.35 ਬਿਲੀਅਨ ਡਾਲਰ ਦਾ ਵਪਾਰ ਹੋਇਆ ਸੀ, ਜਦੋਂਕਿ ਇਸ ਅਰਸੇ ਦੌਰਾਨ ਚੀਨ ਨਾਲ 87 ਬਿਲੀਅਨ ਡਾਲਰ ਦਾ ਵਪਾਰ ਹੋਇਆ ਹੈ। ਕਿਸਾਨ ਆਗੂਆਂ ਨੇ ਕਿਹਾ ਕਿ ਜੇਕਰ ਪਾਕਿਸਤਾਨ ਨਾਲ ਸਮੁੰਦਰ ਰਾਹੀਂ ਵਪਾਰ ਹੋ ਸਕਦਾ ਹੈ ਤਾਂ ਫੇਰ ਅਟਾਰੀ ਵਾਹਗਾ ਬਾਰਡਰ ਰਾਹੀਂ ਕਿਉਂ ਨਹੀਂ ਹੋ ਸਕਦਾ ? ਕਿਸਾਨ ਆਗੂਆਂ ਨੇ ਕਿਹਾ ਕਿ ਅਡਾਨੀ ਦੀ ਬੰਦਰਗਾਹ ਤੋਂ 3 ਹਜ਼ਾਰ ਕਰੋੜ ਦੀ ਹੈਰੋਇਨ ਫੜੀ ਜਾਣ ਦੇ ਬਾਵਜੂਦ ਵਪਾਰ ਬੰਦ ਨਹੀਂ ਕੀਤਾ ਗਿਆ ਪਰ ਪੰਜਾਬ ਰਸਤੇ ਹੋਣ ਵਾਲੇ ਵਪਾਰ ਨੂੰ ਅੱਤਵਾਦ ਅਤੇ ਨਸ਼ੇ ਦੇ ਬਹਾਨੇ ਬੰਦ ਕਰਨਾ ਕੇਂਦਰ ਸਰਕਾਰ ਦੀ ਪੰਜਾਬ ਵਿਰੋਧੀ ਸੋਚ ਦਾ ਨਤੀਜਾ ਹੈ। ਉਕਤ ਆਗੂਆਂ ਨੇ ਕਿਹਾ ਕਿ ਭਾਰਤ ਪਾਕਿਸਤਾਨ ਦਰਮਿਆਨ ਬੰਦ ਕੀਤੇ ਗਏ ਵਪਾਰ ਨੂੰ ਖੁੱਲ੍ਹਵਾਉਣ ਲਈ ਕਿਰਤੀ ਕਿਸਾਨ ਯੂਨੀਅਨ ਵੱਲੋਂ 18 ਸਤੰਬਰ ਨੂੰ ਵਾਹਗਾ ਬਾਰਡਰ 'ਤੇ ਕੀਤੀ ਜਾ ਰਹੀ ਕਿਸਾਨ ਰੈਲੀ ਪੰਜਾਬ ਦੇ ਅਰਥਚਾਰੇ ਨੂੰ ਹੁਲਾਰਾ ਦੇਵੇਗੀ। ਉਨ੍ਹਾਂ ਨੇ ਤਹਿਸੀਲ ਬਾਬਾ ਬਕਾਲਾ ਦੇ ਸਮੂਹ ਕਿਸਾਨਾਂ ਨੂੰ 18 ਸਤੰਬਰ ਨੂੰ ਹੁੰਮ-ਹੁਮਾਂ ਕੇ ਵਾਹਗਾ ਬਾਰਡਰ ਵਿਖੇ ਪਹੁੰਚਣ ਦੀ ਅਪੀਲ ਕੀਤੀ। ਇਸ ਸਮੇਂ ਕਿਸਾਨ ਆਗੂ ਜਗਤਾਰ ਸਿੰਘ ਥੋਥੀਆਂ, ਮੁਖਤਾਰ ਸਿੰਘ ਧੰਜੂ, ਤਜਿੰਦਰ ਸਿੰਘ ਭੈਣੀ, ਗੁਰਚਰਨ ਸਿੰਘ ਭੈਣੀ ਬਦੇਸ਼ਾ, ਪ੍ਰਤਾਪ ਸਿੰਘ ਥੋਥੀਆਂ, ਜਸਵੰਤ ਸਿੰਘ ਹਾਂਡਾ, ਬਲਜੀਤ ਸਿੰਘ ਭੈਣੀ, ਜਸਪਾਲ ਸਿੰਘ ਭੈਣੀ, ਕਸ਼ਮੀਰ ਸਿੰਘ ਥੋਥੀਆਂ, ਮੁਖਤਾਰ ਸਿੰਘ ਸੱਗੂ, ਜੋਗਾ ਸਿੰਘ ਭੈਣੀ, ਬਲਵੰਤ ਸਿੰਘ ਭੈਣੀ, ਜਸਵੰਤ ਸਿੰਘ ਧੰਜੂ ਅਤੇ ਬਲਕਾਰ ਸਿੰਘ ਸਰਪੰਚ ਆਦਿ ਕਿਸਾਨ ਆਗੂ ਵੀ ਹਾਜ਼ਰ ਸਨ।

ਪੁਲਸ ਨੇ 72 ਘੰਟੇ 'ਚ ਅੰਨ੍ਹੇ ਕਤਲ ਦੀ ਗੁੱਥੀ ਸੁਲਝਾਈ, 3 ਮੁਲਜ਼ਮ ਗ੍ਰਿਫ਼ਤਾਰ

ਰੋਪੜ (ਬਿੰਦਰਾ) ਇਥੇ ਆਦਰਸ਼ ਨਗਰ ਵਿਚ ਰਹਿਣ ਵਾਲੇ ਇਕ ਵਿਅਕਤੀ ਦੇ ਅੰਨ੍ਹੇ ਕਤਲ ਦੀ ਗੁੱਥੀ ਪੁਲਸ ਨੇ ਸੁਲਝਾ ਕੇ 3 ਦੋਸ਼ੀਆਂ ਨੂੰ ਗ੍ਰਿਫ਼ਤਾਰ ਕਰ ਲਿਆ ਹੈ। ਐਸ ਐਸ ਪੀ ਰੋਪੜ ਵਿਵੇਕਸ਼ੀਲ ਸੋਨੀ ਨੇ ਇਹ ਜਾਣਕਾਰੀ ਇੱਥੇ ਪ੍ਰੈੱਸ ਕਾਨਫਰੰਸ ਕਰਕੇ ਦਿੱਤੀ। ਉਹਨਾਂ ਕਿਹਾ ਕਿ 8 ਸਤੰਬਰ ਨੂੰ ਪੁਲਸ ਨੂੰ ਸੂਚਨਾ ਮਿਲੀ ਕਿ ਗਊਸ਼ਾਲਾ ਰੋਡ 'ਤੇ ਇਕ ਲਾਸ਼ ਪਈ ਹੈ। ਪੁਲਸ ਅਧਿਕਾਰੀ ਮੌਕੇ 'ਤੇ ਪੁੱਜੇ ਅਤੇ ਲਾਸ਼ ਕਬਜੇ ਵਿੱਚ ਲੈ ਕੇ ਜਾਂਚ ਸ਼ੁਰੂ ਕਰ ਦਿੱਤੀ। ਮ੍ਰਿਤਕ ਦੀ ਪਛਾਣ ਦਵਾਰਕਾ ਦਾਸ ਉਰਫ ਦਵਿੰਦਰ ਪੁਤਰ ਹੁਸਨ ਚੰਦ ਵਾਸੀ ਆਦਰਸ਼ ਨਗਰ ਰੋਪੜ ਵਜੋਂ ਹੋਈ। ਦਵਾਰਕਾ ਦਾਸ ਕੱਪੜੇ ਦੀ ਦੁਕਾਨ 'ਤੇ ਕੰਮ ਕਰਦਾ ਸੀ ਤੇ 7 ਸਤੰਬਰ ਰਾਤ 9 ਵਜੇ ਤੋਂ ਲਾਪਤਾ ਸੀ। ਜਾਂਚ ਦੌਰਾਨ ਪਤਾ ਚੱਲਿਆ ਕਿ ਦਵਾਰਕਾ ਦਾਸ 7 ਸਤੰਬਰ ਨੂੰ ਇਕ ਮੋਟਰਸਾਈਕਲ 'ਤੇ ਇੱਕ ਵਿਅਕਤੀ ਦੇ ਨਾਲ ਸੀ। ਪੁਲਸ ਨੇ ਉਸ ਵਿਅਕਤੀ ਤੋਂ ਪੁੱਛ-ਪੜਤਾਲ ਕੀਤੀ । ਤਫਤੀਸ਼ ਤੋਂ ਬਾਅਦ ਪੁਲਸ ਨੇ ਦਵਾਰਕਾ ਦਾਸ ਦੇ ਨਾਲ ਉਸੇ ਦੁਕਾਨ 'ਤੇ ਕੰਮ ਕਰਨ ਵਾਲੇ ਵਿਅਕਤੀ ਸੁਨੀਲ ਕੁਮਾਰ,ਉਸ ਦੇ ਪੁੱਤਰ ਅਤੇ ਉਸ ਦੇ ਇਕ ਰਿਸ਼ਤੇਦਾਰ ਨੂੰ ਗ੍ਰਿਫ਼ਤਾਰ ਕਰ ਲਿਆ। ਮੁਲਜਮਾਂ ਕੋਲੋਂ ਕਤਲ ਲਈ ਵਰਤੇ ਗਏ ਹਥਿਆਰ, ਉਸ ਦਾ ਮੋਟਰਸਾਈਕਲ ਅਤੇ ਉਸ ਦਾ ਡੈਬਿਟ ਕਾਰਡ ਆਦਿ ਬਰਾਮਦ ਕਰ ਲਏ ਗਏ ਹਨ। ਪੁਲਸ ਕਪਤਾਨ ਨੇ ਦੱਸਿਆ ਕਿ ਸੁਨੀਲ ਕੁਮਾਰ ਦਵਾਰਕਾ ਦਾਸ ਨਾਲ ਖੁੰਦਕ ਰੱਖਦਾ ਸੀ। ਉਸ ਨੇ ਦਵਾਰਕਾ ਦਾਸ ਨੂੰ ਕਤਲ ਕਰਨ ਦਾ ਮਨਸੂਬਾ ਬਣਾਇਆ ਅਤੇ ਆਪਣੇ ਪੁੱਤਰ ਅਤੇ ਰਿਸ਼ਤੇਦਾਰ ਨੂੰ ਇਸ ਵਿਚ ਸ਼ਾਮਿਲ ਕਰ ਲਿਆ। 7 ਸਤੰਬਰ ਨੂੰ ਸ਼ਰਾਬ ਪਿਲਾ ਕੇ ਉਥੋਂ ਉਸ ਨੂੰ ਬਹਾਨੇ ਨਾਲ ਗਊਸ਼ਾਲਾ ਰੋਡ 'ਤੇ ਸੁੰਨਸਾਨ ਥਾਂ ਲੈ ਗਏ ਅਤੇ ਉਸ ਦਾ ਕਤਲ ਕਰ ਦਿੱਤਾ।

ਕੀਰਤਨ ਦਰਬਾਰ ਭਲਕੇ

ਆਦਮਪੁਰ (ਪਰਮਜੀਤ ਸਿੰਘ):—ਜੱਸਾ ਸਿੰਘ ਰਾਮਗੜ੍ਹੀਆ ਦੀ ਸ਼ਤਾਬਦੀ ਨੂੰ ਸਮਰਪਿਤ 29 ਵਾਂ ਮਹਾਨ ਕੀਰਤਨ ਦਰਬਾਰ 14 ਸਤੰਬਰ ਦਿਨ ਵੀਰਵਾਰ ਨੂੰ ਸੀਨੀਅਰ ਸੈਕੰਡਰੀ ਸਕੂਲ ਲੜਕੀਆਂ ਖੁਰਦ ਪੁਰ ਵਿਖੇ ਸ਼ਾਮ 6 ਵਜੇ ਕਰਵਾਇਆ ਜਾ ਰਿਹਾ ਹੈ।

ਮਹਾਰਾਣਾ ਪ੍ਰਤਾਪ ਸਰਕਾਰੀ ਕਾਲਜ ਢੋਲਵਾਹਾ 'ਚ ਸੈਮੀਨਾਰ ਕਰਵਾਇਆ

ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)-ਮਹਾਰਾਣਾ ਪ੍ਰਤਾਪ ਸਰਕਾਰੀ ਕਾਲਜ, ਢੋਲਵਾਹਾ, ਹੁਸ਼ਿਆਰਪੁਰ ਵਿਖੇ ਕਾਲਜ ਦੇ ਪ੍ਰਿੰਸੀਪਲ ਡਾ.ਕਸ਼ਮੀਰੀ ਲਾਲ ਦੀ ਅਗਵਾਈ ਵਿੱਚ ਰੈੱਡ ਰਿਬਨ ਕਲੱਬ ਦੇ ਇੰਚਾਰਜ ਰੰਜਨਾ ਗੁਪਤਾ ਦੇ ਸਹਿਯੋਗ ਨਾਲ "ਸਵਸਥ ਮਨ ਸਵਸਥ ਤਨ" ਵਿਸ਼ੇ 'ਤੇ ਸੈਮੀਨਾਰ ਕਰਵਾਇਆ ਗਿਆ। ਜਿਸ ਵਿੱਚ ਕਾਊਂਸਲਰ ਸੰਦੀਪ ਕੁਮਾਰੀ ਓ.ਓ.ਏ.ਟੀ. ਕਲੀਨਿਕ ਜ਼ਿਲ੍ਹਾ ਨਸ਼ਾ ਮੁਕਤੀ ਮੁੜ ਵਸੇਬਾ ਕੇਂਦਰ ਫਤਿਹਗੜ੍ਹ, ਹੁਸ਼ਿਆਰਪੁਰ ਮੁੱਖ ਮਹਿਮਾਨ ਦੇ ਤੌਰ 'ਤੇ ਹਾਜ਼ਰ ਹੋਏ। ਡਾ.ਸੰਦੀਪ ਕੁਮਾਰੀ ਕਲੀਨਿਕਲ ਸਾਇਕੋਲੋਜਿਸਟ ਕਮ ਕਾਊਂਸਲਰ ਨੇ ਆਪਣੇ ਵਿਚਾਰ ਪੇਸ਼ ਕਰਦੇ ਹੋਏ ਕਿਹਾ ਕਿ ਸਵਸਥ ਮਨ ਹੀ ਤੰਦਰੁਸਤ ਸਰੀਰ ਦੀ ਸਿਰਜਣਾ ਕਰਦਾ ਹੈ। ਜੇਕਰ ਮਨ ਸਵਸਥ ਨਹੀਂ ਹੈ ਤੇ ਸਰੀਰ ਵੀ ਸਵਸਥ ਨਹੀਂ ਹੈ ਤੇ ਸਵਸਥ ਮਨ ਅਤੇ ਤਨ ਤੋਂ ਬਿਨਾਂ ਸੰਸਾਰਕ ਸੁੱਖ ਸਵਾਦ ਬੇਅਰਥ ਹਨ। ਉਨ੍ਹਾਂ ਨੇ ਨਸ਼ੇ ਦੇ ਕਾਰਨਾਂ, ਲੱਛਣਾਂ ਤੇ ਇਲਾਜ ਸੰਬੰਧੀ ਵੀ ਜਾਣਕਾਰੀ ਦਿੱਤੀ। ਡਾ.ਸੰਦੀਪ ਕੁਮਾਰੀ ਨੇ ਕਿਹਾ ਕਿ ਯੋਗ, ਕ੍ਰਿਆ, ਧਿਆਨ ਕ੍ਰਿਆ (ਕਿਰਿਆ), ਸਰੀਰਕ ਕਸਰਤ, ਸਵੇਰ ਦੀ ਸੈਰ, ਸੰਗੀਤ, ਖੇਡਾਂ ਅਤੇ ਪੌਸ਼ਟਿਕ ਆਹਾਰ ਦੀ ਵਰਤੋਂ ਕਰਕੇ ਆਪਣੇ ਸਰੀਰ ਅਤੇ ਮਨ ਨੂੰ ਸਵਸਥ ਰੱਖ ਸਕਦੇ ਹਾਂ। ਕਾਲਜ ਪ੍ਰਿੰਸੀਪਲ ਡਾ.ਕਸ਼ਮੀਰੀ ਲਾਲ ਨੇ ਵੀ ਵਿਦਿਆਰਥੀਆਂ ਨੂੰ ਨਸ਼ਿਆਂ ਤੋਂ ਦੂਰ ਰਹਿਣ ਲਈ ਪ੍ਰੇਰਿਤ ਕਰਦੇ ਹੋਏ ਇੱਕ ਚੰਗਾ ਇਨਸਾਨ ਬਣਨ ਦੀ ਗੱਲ ਕਹੀ ਅਤੇ ਬਹੁਮੁੱਲੇ ਵਿਚਾਰ ਸਾਂਝੇ ਕਰਨ ਲਈ ਕਾਊਂਸਲਰ ਸੰਦੀਪ ਕੁਮਾਰੀ ਦਾ ਧੰਨਵਾਦ ਕੀਤਾ।

ਪ੍ਰੋ:ਵਿਜੇ ਕੁਮਾਰ ਵੱਲੋਂ ਵੀ ਮਨ ਅਤੇ ਤਨ ਨੂੰ ਪਵਿੱਤਰ ਬਣਾਉਣ ਲਈ ਪ੍ਰੇਰਿਤ ਕੀਤਾ ਗਿਆ ਅਤੇ ਨਸ਼ਿਆਂ ਵਰਗੀ ਲਾਹਨਤ ਤੋਂ ਬਚ ਕੇ ਰਹਿਣ ਲਈ ਵਿਦਿਆਰਥੀਆਂ ਨੂੰ ਜਾਗਰੂਕ ਕੀਤਾ। ਰੈੱਡ ਰਿਬਨ ਕਲੱਬ ਦੇ ਇੰਚਾਰਜ ਰੰਜਨਾ ਗੁਪਤਾ ਨੇ ਮੰਚ ਸੰਚਾਲਨ ਦੀ ਭੂਮਿਕਾ ਨਿਭਾਈ।

ਕਨੇਡਾ ਵਾਸੀ ਅਮਰੀਕ ਸਿੰਘ ਨੇ ਸਕੂਲ ਵਿਦਿਆਰਥੀਆਂ ਨੂੰ ਦਿੱਤੀ ਸਕਾਲਰਸ਼ਿਪ

ਨੂਰਮਹਿਲ (ਬਾਲ ਕ੍ਰਿਸ਼ਨ ਬਾਲੀ) ਕਨੇਡਾ ਵਾਸੀ ਅਮਰੀਕ ਸਿੰਘ ਪੁੱਤਰ ਪ੍ਰਕਾਸ਼ ਸਿੰਘ, ਮਾਤਾ ਸੁਰਜੀਤ ਕੌਰ ਪਿੰਡ ਬੁੰਡਾਲਾ, ਤਹਿਸੀਲ ਫਿਲੌਰ (ਜਲੰਧਰ) ਵਲੋਂ ਆਪਣੇ ਮਾਤਾ-ਪਿਤਾ ਦੀ ਯਾਦ ਵਿੱਚ ਕਾਮਰੇਡ ਹਰਕਿਸ਼ਨ ਸਿੰਘ ਸੁਰਜੀਤ ਸ.ਸ.ਸ.ਸ. ਸਕੂਲ ਬੁੰਡਾਲਾ (ਜਲੰਧਰ) ਵਿਖੇ ਸਾਲ 2022-2023 ਦੌਰਾਨ 6ਵੀਂ- 12ਵੀਂ ਜਮਾਤਾਂ ਵਿੱਚ ਪੜ੍ਹ ਰਹੇ ਵਿਦਿਆਰਥੀਆਂ ਨੂੰ ਵਿੱਤੀ ਰੂਪ ਵਿਚ ਸਕਾਲਰਸ਼ਿਪ ਤੌਰ 'ਤੇ ਸਨਮਾਨਿਤ ਕੀਤਾ ਗਿਆ। ਇਸ ਪ੍ਰੋਗਰਾਮ ਦੀ ਪ੍ਰਧਾਨਗੀ ਐਸ.ਐਮ.ਸੀ ਮੈਂਬਰ ਸਰਜੀਵਨ ਕੁਮਾਰ, ਪ੍ਰਿੰਸੀਪਲ ਨੀਲਮ ਮਲਹੋਤਰਾ, ਦਰਸ਼ਨ ਪਾਲ ਨੇ ਸਾਂਝੇ ਤੌਰ 'ਤੇ ਕੀਤੀ। 6ਵੀਂ, 7ਵੀਂ, 8ਵੀਂ ,9ਵੀਂ,11ਵੀਂ,12ਵੀਂ ਦੇ ਵਿਚੋਂ ਪਹਿਲੇ ਸਥਾਨ 'ਤੇ ਆਉਣ ਵਾਲੇ ਹਰੇਕ ਵਿਦਿਆਰਥੀ ਨੂੰ 1000 ਰੁਪਏ ਇਨਾਮ ਦਿੱਤਾ ਗਿਆ। 10ਵੀਂ ਜਮਾਤ ਵਿਚੋਂ ਪਹਿਲੇ ਸਥਾਨ 'ਤੇ ਆਉਣ ਵਾਲੇ ਵਿਦਿਆਰਥੀ ਨੂੰ ਦਸ ਹਜਾਰ ਰੁਪਏ, ਦੂਜੇ ਸਥਾਨ ਵਾਲੇ ਨੂੰ ਛੇ ਹਜਾਰ ਰੁਪਏ, ਤੀਜੇ ਸਥਾਨ 'ਤੇ ਆਉਣ ਵਾਲੇ ਨੂੰ ਚਾਰ ਹਜਾਰ ਰੁਪਏ ਨਗਦ ਇਨਾਮ ਦਿੱਤਾ ਗਿਆ। ਇਸ ਸਮੇਂ ਜਿੰਗਾ ਸਿੰਘ, ਵਿਕਰਮ ਪਾਲ ਸਿੰਘ, ਮਨੋਜ ਕੁਮਾਰ ਸਰੋਏ, ਸ੍ਰੀਮਤੀ ਅਮ੍ਰਿੰਤਪਾਲ ਕੌਰ, ਰਾਜੇਸ਼ ਕੁਮਾਰ, ਸ੍ਰੀਮਤੀ ਬਿੰਦੀਆ, ਮੋਟੀ ਕੁਮਾਰ, ਗੁਰਗਿਆਨ, ਅਜੈ ਕੁਮਾਰ, ਮਿਸ ਸੁਨੀਤਾ, ਕਰਨ , ਬਿਮਲ, ਮਿਸ ਸ਼ਿਲਪਾ ਅਤੇ ਬੱਚਿਆਂ ਦੇ ਮਾਪੇ ਹਾਜਰ ਸਨ। ਇਸ ਸਮੇਂ ਇਸ ਸਕੂਲ ਦੇ ਲੈਕਚਰਾਰ ਮਨੋਜ ਕੁਮਾਰ ਸਰੋਏ ਨੂੰ ਸਨਮਾਨਿਤ ਵੀ ਕੀਤਾ ਗਿਆ।

ਐੱਲ ਪੀ ਯੂ 'ਚ ਵਿਸ਼ਵ ਫਿਜ਼ੀਓਥੈਰੇਪੀ ਦਿਵਸ ਮਨਾਇਆ

ਜਲੰਧਰ-(ਸ਼ੈਲੀ ਐਲਬਰਟ)-

ਸਕੂਲ ਆਫ ਅਪਲਾਈਡ ਮੈਡੀਕਲ ਸਾਇੰਸ, ਲਵਲੀ ਪ੍ਰੋਫੈਸ਼ਨਲ ਯੂਨੀਵਰਸਿਟੀ (ਐੱਲ. ਪੀ. ਯੂ.) ਦੇ ਫਿਜ਼ੀਓਥੈਰੇਪੀ ਵਿਭਾਗ ਨੇ ਯੂਨੀਵਰਸਿਟੀ ਦੇ ਬਲਦੇਵ ਰਾਜ ਮਿੱਤਲ ਆਡੀਟੋਰੀਅਮ ਵਿਖੇ ਵਿਸ਼ਵ ਫਿਜ਼ੀਓਥੈਰੇਪੀ ਦਿਵਸ-2023 ਮਨਾਇਆ। ਦਿਨ ਭਰ ਚੱਲਣ ਵਾਲੀਆਂ ਗਤੀਵਿਧੀਆਂ ਨੇ ਵਿਦਿਆਰਥੀਆਂ ਨੂੰ ਸਰੀਰਕ ਤੌਰ 'ਤੇ ਬਿਮਾਰ ਲੋਕਾਂ ਲਈ ਖੁਸ਼ੀ ਲਿਆਉਣ ਲਈ ਕੁਸ਼ਲ ਫਿਜ਼ੀਓਥੈਰੇਪਿਸਟ ਵਜੋਂ ਉਭਰਨ ਲਈ ਮਾਰਗਦਰਸ਼ਨ ਕੀਤਾ। ਇਸ ਸਾਲ ਦਾ ਥੀਮ ਗਠੀਆ ਹੈ, ਜਿਸ ਵਿੱਚ ਸੋਜ਼ਸ਼ ਵਾਲੇ ਗਠੀਏ ਦੇ ਵਿਭਿੰਨ ਰੂਪਾਂ, ਜਿਵੇਂ ਕਿ ਰਾਇਮੇਟਾਇਡ ਗਠੀਏ ਅਤੇ ਐਕਸੀਅਲ ਸਪੋਂਡੀਲੋਆਰਥਾਈਟਿਸ 'ਤੇ ਜ਼ੋਰ ਦਿੱਤਾ ਗਿਆ ਹੈ। ਉਚੇਚੇ ਤੌਰ 'ਤੇ ਆਉਣ ਵਾਲੇ ਫਿਜ਼ੀਓਥੈਰੇਪਿਸਟ-ਜੁਆਇੰਟ ਰਿਪਲੇਸਮੈਂਟ ਸਰਜਨ ਡਾ. ਐੱਸ.ਐੱਸ. ਢੀਂਗਰਾ, ਡੀਐੱਮਸੀ ਹਸਪਤਾਲ ਅਤੇ ਟਰਾਮਾ ਸੈਂਟਰ ਅਤੇ ਮੁੱਖ ਫਿਜ਼ੀਓਥੈਰੇਪਿਸਟ ਏ ਸੀ ਈ ਮੈਡੀਕਲੀਨਿਕਸ, ਡਾ: ਰੋਹਿਤ ਸਿੰਗਲਾ (ਦੋਵੇਂ ਲੁਧਿਆਣਾ, ਪੰਜਾਬ ਤੋਂ) ਨੇ ਐਲਪੀਯੂ ਵਿਖੇ ਹੋਣ ਵਾਲੇ ਫਿਜ਼ੀਓਥੈਰੇਪਿਸਟਾਂ ਨੂੰ ਗਠੀਆ ਬਾਰੇ ਮਾਰਗਦਰਸ਼ਨ ਕੀਤਾ ॥ ਉਨ੍ਹਾਂ ਨੇ ਸਪੋਰਟਸ ਫਿਜ਼ੀਓਥੈਰੇਪੀ, ਸਕੋਪ ਅਤੇ ਅਭਿਆਸਾਂ 'ਤੇ ਵਰਕਸ਼ਾਪ ਦਾ ਆਯੋਜਨ ਵੀ ਕੀਤਾ ਉਨ੍ਹਾਂ ਵਿਦਿਆਰਥੀਆਂ ਨੂੰ ਦੱਸਿਆ ਕਿ ਸਪੋਂਡੀਲੋਆਰਥਾਈਟਿਸ ਰੀੜ੍ਹ ਦੀ ਹੱਡੀ (ਸਪੋਂਡੀਲਾਈਟਿਸ) ਅਤੇ ਜੋੜਾਂ (ਗਠੀਆ) ਵਿੱਚ ਸੋਜ ਦੁਆਰਾ ਦਰਸਾਈਆਂ ਬਿਮਾਰੀਆਂ ਦਾ ਇੱਕ ਸਮੂਹ ਹੈ ॥ ਗਠੀਆ ਆਮ ਤੌਰ ਤੇ ਰੀੜ੍ਹ ਦੀ ਹੱਡੀ ਅਤੇ ਨੇੜੇ ਦੇ ਜੋੜਾਂ ਨੂੰ ਮਾਰਦਾ ਹੈ। ਇਹ ਦਰਦ ਦਾ ਕਾਰਨ ਬਣ ਸਕਦਾ ਹੈ, ਅਤੇ ਕਈ ਵਾਰ ਰੀੜ ਦੀ ਹੱਡੀ, ਮੋਢੇ ਅਤੇ ਕੁੱਲ੍ਹੇ ਵਰਗੇ ਜੋੜਾਂ ਨੂੰ ਨੁਕਸਾਨ ਪਹੁੰਚਾ ਸਕਦਾ ਹੈ । ਖਿਡਾਰੀ, ਸਖ਼ਤ ਹੱਥੀਂ ਕੰਮ ਕਰਨ ਵਾਲੇ, ਔਰਤਾਂ, ਬੱਚੇ ਇਨ੍ਹਾਂ ਤੋਂ ਆਸਾਨੀ ਨਾਲ ਪ੍ਰਭਾਵਿਤ ਹੋ ਜਾਂਦੇ ਹਨ । ਗਠੀਆ ਵੀ ਸੋਜ, ਲਾਲੀ ਅਤੇ ਦਰਦ ਵਰਗੀ ਸੋਜ ਦਾ ਕਾਰਨ ਬਣਦੀ ਹੈ। ਇਹ ਉਹਨਾਂ ਬਿੰਦੂਆਂ ਤੇ ਵਾਪਰਦਾ ਹੈ ਜਿੱਥੇ ਹੱਡੀਆਂ ਲਿਗਾਮੈਂਟਸ ਵਰਗੇ ਨਰਮ ਟਿਸ਼ੂਆਂ ਨਾਲ ਜੁੜਦੀਆਂ ਹਨ, ਅਤੇ ਜਿੱਥੇ ਨਸਾਂ ਹੱਡੀਆਂ ਅਤੇ ਮਾਸਪੇਸ਼ੀਆਂ ਨਾਲ ਜੁੜਦੀਆਂ ਹਨ। ਉਨ੍ਹਾਂ ਨੇ ਵਿਦਿਆਰਥੀਆਂ ਨੂੰ ਹਮੇਸ਼ਾ ਪੇਸ਼ੇ ਪ੍ਰਤੀ ਸੱਚੇ ਰਹਿਣ ਅਤੇ ਮਰੀਜ਼ਾਂ ਦੀਆਂ ਮਾਸਪੇਸ਼ੀਆਂ ਦੀ ਤਾਕਤ ਤੇ ਧਿਆਨ ਦੇਣ ਦੀ ਸਲਾਹ ਦਿੱਤੀ ।ਜਸ਼ਨਾਂ ਦੀ ਪ੍ਰਧਾਨਗੀ ਐਲਪੀਯੂ ਦੇ ਡਾਇਰੈਕਟਰ ਜਨਰਲ ਇੰਜ਼ੀ ਐਚ ਆਰ ਸਿੰਗਲਾ ਨੇ ਕੀਤੀ । ਉਨ੍ਹਾਂ ਦੇ ਨਾਲ ਐਗਜ਼ੀਕਿਊਟਿਵ ਡੀਨ ਡਾ: ਮੋਨਿਕਾ ਗੁਲਾਟੀ ਵੀ ਮੌਜੂਦ ਸਨ । ਡਾ: ਗੁਲਾਟੀ ਨੇ ਫਿਜ਼ੀਓਥੈਰੇਪਿਸਟ ਨੂੰ ਸਹਾਇਕ ਸਿਹਤ ਪੇਸ਼ਿਆਂ ਲਈ ਇੱਕ ਸੰਪਤੀ ਵਜੋਂ ਪਰਿਭਾਸ਼ਿਤ ਕੀਤਾ ਕਿਉਂਕਿ ਉਹ ਸਰਜਰੀਆਂ ਦੀ ਲੋੜ ਅਤੇ ਦਰਦ-ਨਿਵਾਰਕ ਦਵਾਈਆਂ ਦੀ ਲੰਬੇ ਸਮੇਂ ਤੱਕ ਵਰਤੋਂ ਨੂੰ ਘਟਾ ਸਕਦਾ ਹੈ।

ਸੱਭਿਆਚਾਰਕ ਕਦਰਾਂ-ਕੀਮਤਾਂ ਨੂੰ ਬਰਕਰਾਰ ਰੱਖਦੇ ਹੋਏ, ਫਿਜ਼ੀਓਥੈਰੇਪੀ ਦੇ ਵਿਦਿਆਰਥੀਆਂ ਨੇ ਖੇਡਾਂ, ਯੋਗਾ, ਕੁਇਜ਼, ਰੰਗੋਲੀ/ਪੋਸਟਰ ਮੁਕਾਬਲਿਆਂ ਅਤੇ ਮਜ਼ੇਦਾਰ ਗਤੀਵਿਧੀਆਂ ਵਿੱਚ ਵੀ ਸਰਗਰਮੀ ਨਾਲ ਹਿੱਸਾ ਲਿਆ। ਸੱਭਿਆਚਾਰਕ ਸਮਾਗਮਾਂ ਦੌਰਾਨ, ਉਨ੍ਹਾਂ ਨੇ ਗਿੱਧਾ, ਭੰਗੜਾ, ਸੋਲੋ ਡਾਂਸ-ਗਾਇਨ, ਹਿਸਟਰੀਓਨਿਕਸ ਅਤੇ ਸਕਿੱਟਾਂ ਲਈ ਸਰਗਰਮੀ ਨਾਲ ਹਿੱਸਾ ਲਿਆ।

ਨਸਰਾਲਾ